




ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition








Reg No: AAG1353 | Ludhiana, Sunday 05 April, 2026 | website: www.cee7news.com


## ਉੱਤਰਾਖੰਡ ਵਿਚ ਮੌਸਮ ਦਾ ਤਾਜ਼ਾ ਅਪਡੇਟ



ਉੱਤਰਾਖੰਡ ਰਾਜ ਵਿਚ ਇਸ ਵੇਲੇ ਮੌਸਮ ਬਦਲਦਾ ਰਿਹਾ ਹੈ। ਅਪ੍ਰੈਲ ਮਹੀਨੇ ਦੀ ਸ਼ੁਰੂਆਤ ਵਿਚ ਪਹਾੜੀ ਇਲਾਕਿਆਂ ਵਿਚ ਬਾਰਿਸ਼ ਅਤੇ ਉੱਚੀਆਂ ਚੋਟੀਆਂ ਉੱਤੇ ਬਰਫਬਾਰੀ ਦੀ ਸੰਭਾਵਨਾ ਬਣੀ ਹੋਈ ਹੈ। ਇਸ ਨਾਲ ਤਾਪਮਾਨ ਵਿਚ ਵੀ ਉਤਰਾਅ-ਚੜ੍ਹਾਅ ਵੇਖਣ ਨੂੰ ਮਿਲ ਰਿਹਾ ਹੈ। ਮੌਸਮ ਵਿਭਾਗ ਵੱਲੋਂ ਜਾਰੀ ਰਿਪੋਰਟ ਅਨੁਸਾਰ ਰਾਜ ਦੇ ਕਈ ਹਿੱਸਿਆਂ ਵਿਚ ਹਲਕੀ ਬਾਰਿਸ਼ ਹੋਣ ਦੀ ਉਮੀਦ ਹੈ।

ਦੇਹਰਾਦੂਨ ਅਤੇ ਆਸ-ਪਾਸ ਦੇ ਮੈਦਾਨੀ ਖੇਤਰਾਂ ਵਿਚ ਤਾਪਮਾਨ ਲਗਭਗ 30 ਤੋਂ 33 ਡਿਗਰੀ ਸੈਲਸੀਅਸ ਤੱਕ ਪਹੁੰਚ ਰਿਹਾ ਹੈ। ਰਾਤ ਦਾ ਤਾਪਮਾਨ 15 ਤੋਂ 19 ਡਿਗਰੀ ਤੱਕ ਰਹਿਣ ਦੀ ਭਵਿੱਖਬਾਣੀ ਹੈ। ਇਸ ਨਾਲ ਦਿਨ ਵੇਲੇ ਗਰਮੀ ਮਹਿਸੂਸ ਹੋ ਰਹੀ ਹੈ ਪਰ ਸਵੇਰ ਅਤੇ ਸ਼ਾਮ ਵੇਲੇ ਠੰਡੀ ਹਵਾਵਾਂ ਚੱਲ ਰਹੀਆਂ ਹਨ। ਉੱਤਰਾਖੰਡ ਵਿਚ ਇਸ ਵੇਲੇ ਆਮ ਤੌਰ ਤੇ ਤਾਪਮਾਨ 19 ਤੋਂ 35 ਡਿਗਰੀ ਤੱਕ ਰਹਿਣ ਦੀ ਉਮੀਦ ਹੈ।ਪਹਾੜੀ ਜਿਲ੍ਹਿਆਂ ਵਿਚ ਉੱਤਰਕਾਸ਼ੀ, ਰੁਦਰਪ੍ਰਯਾਗ, ਚਮੋਲੀ, ਬਾਗੇਸ਼ਵਰ ਅਤੇ ਪਿਥੌਰਾਗੜ੍ਹ ਵਿਚ ਹਲਕੀ ਬਾਰਿਸ਼ ਹੋਣ ਦੀ ਭਵਿੱਖਬਾਣੀ ਹੈ। ਖਾਸ ਕਰਕੇ 3500 ਮੀਟਰ ਤੋਂ ਵੱਧ ਉਚਾਈ ਵਾਲੇ ਇਲਾਕਿਆਂ ਵਿਚ ਬਰਫਬਾਰੀ ਵੀ ਹੋ ਸਕਦੀ ਹੈ।

## ਪੰਜਾਬ ਵਿਚ ਇਸ ਵੇਲੇ ਮੌਸਮ ਬਦਲਿਆ ਹੋਇਆ ਹੈ



ਪੰਜਾਬ ਵਿਚ ਇਸ ਵੇਲੇ ਮੌਸਮ ਬਦਲਿਆ ਹੋਇਆ ਹੈ। ਪਿਛਲੇ ਕਈ ਦਿਨਾਂ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ ਤੇ ਆਕਾਸ਼ ਵਿਚ ਘਟਾਵਾਂ ਛਾਈਆਂ ਹੋਈਆਂ ਹਨ। ਮੌਸਮ ਵਿਭਾਗ ਅਨੁਸਾਰ ਇੱਕ ਪੱਛਮੀ ਗੜਬੜੀ ਦਾ ਅਸਰ ਹੈ ਜਿਸ ਕਾਰਨ ਰਾਜ ਵਿਚ ਭਾਰੀ ਬਾਰਿਸ਼, ਤੇਜ਼ ਹਵਾਵਾਂ ਤੇ ਗਰਜ-ਚਮਕ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। 4 ਅਪ੍ਰੈਲ ਨੂੰ ਪੂਰੇ ਪੰਜਾਬ ਵਿਚ ਬਾਰਿਸ਼ ਦਾ ਅਲਰਟ ਜਾਰੀ ਹੈ। ਖਾਸ ਕਰਕੇ ਪਠਾਨਕੋਟ, ਹੁਸ਼ਿਆਰਪੁਰ, ਨਵਾਂਸ਼ਹਿਰ ਤੇ ਰੂਪਨਗਰ ਵਰਗੇ ਉੱਤਰੀ ਤੇ ਪੂਰਬੀ ਜ਼ਿਲ੍ਹਿਆਂ ਵਿਚ ਭਾਰੀ ਮੀਂਹ ਤੇ ਤੇਜ਼ ਹਵਾਵਾਂ-ਹਨ੍ਹੇਰੀ ਦਾ ਖ਼ਤਰਾ ਹੈ। ਇਨ੍ਹਾਂ ਇਲਾਕਿਆਂ ਵਿਚ ਲੋਕਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ ਕਿਉਂਕਿ ਤੂਫ਼ਾਨੀ ਹਵਾਵਾਂ ਨਾਲ ਨੁਕਸਾਨ ਹੋ ਸਕਦਾ ਹੈ।

## ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਪ੍ਰਧਾਨ ਦੀ ਪਦਵੀ ਤੋਂ ਹਟਾਉਣ ਦਾ ਫੈਸਲਾ ਗਲਤ ਸੀ



ਬੀਬੀ ਰਜਿੰਦਰ ਕੌਰ ਭੱਠਲ ਨੇ ਇੱਕ ਵੱਡੇ ਬਿਆਨ ਵਿੱਚ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਪ੍ਰਧਾਨ ਦੀ ਪਦਵੀ ਤੋਂ ਹਟਾਉਣ ਦਾ ਫੈਸਲਾ ਗਲਤ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਫੈਸਲਾ ਉਸ ਸਮੇਂ ਲਿਆ ਗਿਆ ਜਦੋਂ ਬਹੁਤ ਦੇਰ ਹੋ ਚੁੱਕੀ ਸੀ। ਭੱਠਲ ਨੇ ਇਹ ਗੱਲਾਂ ਇੱਕ ਇੰਟਰਵਿਊ ਦੌਰਾਨ ਕੀਤੀਆਂ ਹਨ। ਉਨ੍ਹਾਂਅੱਗੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਪਹਿਲਾਂ ਹੀ ਹਟਾਉਣ ਦੀ ਸਲਾਹ ਦਿੱਤੀ ਗਈ ਸੀ, ਪਰ ਉਸ ਵੇਲੇ ਇਸ ਤੋਂ ਇਨਕਾਰ ਕਰ ਦਿੱਤਾ ਗਿਆ। ਜਦੋਂ ਫੈਸਲਾ ਲਿਆ ਗਿਆ ਤਾਂ ਉਸ ਸਮੇਂ ਤੱਕ ਸਥਿਤੀ ਬਦਲ ਚੁੱਕੀ ਸੀ ਅਤੇ ਬਹੁਤ ਨੁਕਸਾਨ ਹੋ ਚੁੱਕਾ ਸੀ। ਭੱਠਲ ਨੇ ਕਿਹਾ ਕਿ ਉਸ ਵੇਲੇ ਕੈਪਟਨ ਨੂੰ ਹਟਾਉਣ ਦੀ ਬਜਾਏ ਉਨ੍ਹਾਂ ਨੂੰ ਜ਼ਿੰਮੇਵਾਰੀ ਸੌਂਪਣੀ ਚਾਹੀਦੀ ਸੀ ਤਾਂ ਜੋ ਪਾਰਟੀ ਨੂੰ ਮਜ਼ਬੂਤੀ ਨਾਲ ਅੱਗੇ ਵਧਾਇਆ ਜਾ ਸਕਦਾ।ਇਸ ਤੋਂ ਇਲਾਵਾ ਬੀਬੀ ਭੱਠਲ ਨੇ ਯਾਦ ਕਰਵਾਇਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੇ ਸਮੇਂ ਵਿੱਚ ਕਈ ਕਾਂਗਰਸੀ ਵਿਧਾਇਕ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਅਸੰਤੁਸ਼ਟ ਸਨ। ਪਾਰਟੀ ਹਾਈਕਮਾਂਡ ਵੱਲੋਂ ਵੀ ਲੀਡਰਸ਼ਿਪ ਵਿੱਚ ਬਦਲਾਅ ਲਈ ਸੰਕੇਤ ਮਿਲ ਰਹੇ ਸਨ। ਇਸ ਕਾਰਨ ਅਸਤੀਫਾ ਇੱਕ ਵੱਡਾ ਮੁੱਦਾ ਬਣ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਪਾਰਟੀ ਨੂੰ ਬਹੁਤ ਨੁਕਸਾਨ ਹੋਇਆ ਅਤੇ ਇਸ ਨੇ ਪੰਜਾਬ ਵਿੱਚ ਕਾਂਗਰਸ ਦੀ ਤਾਕਤ ਨੂੰ ਕਮਜ਼ੋਰ ਕੀਤਾ।ਭੱਠਲ ਨੇ ਇਹ ਵੀ ਦੱਸਿਆ ਕਿ ਉਸ ਸਮੇਂ ਇੱਕ ਧਾਰਨਾ ਬਣਾਈ ਜਾ ਰਹੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਪਾਰਟੀ ਨੂੰ ਠੀਕ ਤਰੀਕੇ ਨਾਲ ਲੀਡ ਨਹੀਂ ਕਰ ਰਹੇ ਹਨ। ਇਸ ਲਈ ਲੀਡਰਸ਼ਿਪ ਬਦਲਾਅ ਦੀ ਗੱਲ ਚੱਲ ਰਹੀ ਸੀ। ਪਰ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਫੈਸਲੇ ਨੂੰ ਸਮੇਂ ਤੋਂ ਪਹਿਲਾਂ ਲੈਣਾ ਗਲਤੀ ਸੀ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਸਿਰ ਠੀਕ ਫੈਸਲੇ ਲਏ ਜਾਂਦੇ ਤਾਂ ਪਾਰਟੀ ਦੀ ਹਾਲਤ ਵੱਖਰੀ ਹੋ ਸਕਦੀ ਸੀ।

## Cee7 News ਇਰਾਨੀ ਤੇਲ ਦੇ ਭੁਗਤਾਨ 'ਚ ਕੋਈ ਰੁਕਾਵਟ ਨਹੀਂ

### ਭਾਰਤ 40 ਤੋਂ ਵੱਧ ਦੇਸ਼ਾਂ ਤੋਂ ਮੰਗਵਾਉਂਦਾ ਹੈ ਕੱਚਾ ਤੇਲ : ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲਾ

ਕੇਂਦਰ ਸਰਕਾਰ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਇਰਾਨ ਤੋਂ ਕੱਚੇ ਤੇਲ ਦੀ ਦਰਾਮਦ ਲਈ ਭੁਗਤਾਨ ਦੀ ਕੋਈ ਸਮੱਸਿਆ ਨਹੀਂ ਹੈ ਅਤੇ ਰਿਫਾਇਨਰੀਆਂ ਇਰਾਨ ਦੇ ਨਾਲ-ਨਾਲ ਦੁਨੀਆ ਭਰ ਦੇ ਹੋਰ ਸਪਲਾਇਰਾਂ ਤੋਂ ਤੇਲ ਮੰਗਵਾਉਣਾ ਜਾਰੀ ਰੱਖ ਰਹੀਆਂ ਹਨ।

ਸਰਕਾਰ ਨੇ ਦੱਸਿਆ ਕਿ ਭਾਰਤ 40 ਤੋਂ ਵੱਧ ਦੇਸ਼ਾਂ ਤੋਂ ਕੱਚਾ ਤੇਲ ਮੰਗਵਾਉਂਦਾ ਹੈ। ਤੇਲ ਕੰਪਨੀਆਂ ਕੋਲ ਪੂਰੀ ਖੁੱਲ੍ਹ ਹੈ ਕਿ ਉਹ ਆਪਣੀਆਂ ਵਪਾਰਕ ਲੋੜਾਂ ਅਨੁਸਾਰ ਕਿਸੇ ਵੀ ਦੇਸ਼ ਜਾਂ ਖੇਤਰ ਤੋਂ ਤੇਲ ਦੀ ਖਰੀਦ ਕਰ ਸਕਦੀਆਂ ਹਨ।

ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ, ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਉਨ੍ਹਾਂ ਰਿਪੋਰਟਾਂ ਨੂੰ ਖਾਰਜ ਕਰ ਦਿੱਤਾ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਇਰਾਨੀ ਕੱਚੇ ਤੇਲ ਨਾਲ ਲੱਦਿਆ ਇੱਕ ਤੇਲ ਟੈਂਕਰ ਆਪਣੇ ਪਹਿਲੇ ਨਿਰਧਾਰਤ ਟਿਕਾਣੇ ਭਾਰਤ ਦੀ ਬਜਾਏ ਅੱਧ ਵਿਚਾਲੇ ਚੀਨ ਵੱਲ ਮੁੜ ਗਿਆ ਹੈ। ਜੇਕਰ ਇਹ ਤੇਲ ਭਾਰਤ ਆਉਂਦਾ ਤਾਂ ਇਹ ਲਗਪਗ ਸੱਤ ਸਾਲਾਂ ਵਿੱਚ ਭਾਰਤ ਆਉਣ ਵਾਲੀ ਅਜਿਹੀ ਪਹਿਲੀ ਖੇਪ ਹੋਣੀ ਸੀ।

ਮੰਤਰਾਲੇ ਨੇ ਸਪਸ਼ਟ ਕੀਤਾ ਕਿ ਤੇਲ ਵਪਾਰ ਵਿੱਚ ਜਹਾਜ਼ਾਂ ਦਾ ਰਸਤਾ ਬਦਲਣਾ ਇੱਕ ਆਮ ਗੱਲ ਹੈ। ਵਪਾਰਕ ਲੋੜਾਂ ਅਤੇ ਸਹੂਲਤ ਅਨੁਸਾਰ ਸਫ਼ਰ ਦੌਰਾਨ ਲਿਆਂਦੇ ਜਾ ਰਹੇ ਮਾਲ ਦੀ ਮੰਜ਼ਿਲ ਬਦਲੀ ਜਾ ਸਕਦੀ ਹੈ, ਇਸ ਲਈ ਅਜਿਹੇ ਦਾਅਵਿਆਂ ਵਿੱਚ ਕੋਈ ਸੱਚਾਈ ਨਹੀਂ ਹੈ।

ਇਨ੍ਹਾਂ ਗੱਲਾਂ ਨੂੰ ਤੱਥਾਂ ਦੇ ਆਧਾਰ 'ਤੇ ਗਲਤ ਕਰਾਰ ਦਿੰਦਿਆਂ ਕਿ ਭੁਗਤਾਨ ਦੀਆਂ ਰੁਕਾਵਟਾਂ ਕਾਰਨ ਤੇਲ ਦੀ ਖੇਪ ਗੁਜਰਾਤ ਦੇ ਵਾਡੀਨਾਰ ਦੀ ਬਜਾਏ ਚੀਨ ਭੇਜ ਦਿੱਤੀ ਗਈ ਹੈ, ਮੰਤਰਾਲੇ ਨੇ ਸਪਸ਼ਟ ਕੀਤਾ, "ਇਰਾਨੀ ਕੱਚੇ ਤੇਲ ਦੀ ਦਰਾਮਦ ਲਈ ਭੁਗਤਾਨ ਦੀ ਕੋਈ ਰੁਕਾਵਟ ਨਹੀਂ ਹੈ।"

ਮੰਤਰਾਲੇ ਨੇ ਇਹ ਵੀ ਦੱਸਿਆ ਕਿ 'ਸੀ ਬਰਡ' ਨਾਮ ਦਾ ਇੱਕ ਐੱਲ ਪੀ ਜੀ ਜਹਾਜ਼, ਜਿਸ ਵਿੱਚ ਲਗਪਗ 44,000 ਟਨ ਇਰਾਨੀ ਐੱਲ ਪੀ ਜੀ ਸੀ, ਉਹ 2 ਅਪਰੈਲ ਨੂੰ ਮੰਗਲੌਰ ਪਹੁੰਚਿਆ ਹੈ ਅਤੇ ਇਸ ਵੇਲੇ ਮਾਲ ਉਤਾਰ ਰਿਹਾ ਹੈ।

ਕਾਬਲੇਗ਼ੌਰ ਹੈ ਕਿ ਸ਼ਿਪ-ਟਰੈਕਿੰਗ ਫਰਮ 'ਕੇਪਲਰ' ਨੇ ਸ਼ੁੱਕਰਵਾਰ ਨੂੰ ਦੱਸਿਆ ਸੀ ਕਿ ਅਮਰੀਕੀ ਪਾਬੰਦੀਆਂ ਵਾਲਾ ਇਰਾਨੀ ਤੇਲ ਟੈਂਕਰ 'ਪਿੰਗ ਸ਼ੁਨ' ਹੁਣ ਗੁਜਰਾਤ ਦੇ ਵਾਡੀਨਾਰ ਦੀ ਬਜਾਏ ਚੀਨ ਦੇ ਡੋਂਗਯਿੰਗ ਵੱਲ ਜਾ ਰਿਹਾ ਹੈ। ਇਸ ਜਹਾਜ਼ 'ਤੇ ਅਮਰੀਕਾ ਨੇ ਸਾਲ 2025 ਵਿੱਚ ਪਾਬੰਦੀਆਂ ਲਗਾਈਆਂ ਸਨ। 'ਪਿੰਗ ਸ਼ੁਨ' 'ਤੇ ਮੌਜੂਦ ਤੇਲ ਉਹ ਪਹਿਲਾ ਇਰਾਨੀ ਕੱਚਾ ਤੇਲ ਹੋਣਾ ਸੀ ਜੋ ਭਾਰਤ 2019 ਤੋਂ ਬਾਅਦ ਖਰੀਦਦਾ।ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ, ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਉਨ੍ਹਾਂ ਰਿਪੋਰਟਾਂ ਨੂੰ ਖਾਰਜ ਕਰ ਦਿੱਤਾ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਇਰਾਨੀ ਕੱਚੇ ਤੇਲ ਨਾਲ ਲੱਦਿਆ ਇੱਕ ਤੇਲ ਟੈਂਕਰ ਆਪਣੇ ਪਹਿਲੇ ਨਿਰਧਾਰਤ ਟਿਕਾਣੇ ਭਾਰਤ ਦੀ ਬਜਾਏ ਅੱਧ ਵਿਚਾਲੇ ਚੀਨ ਵੱਲ ਮੁੜ ਗਿਆ ਹੈ।




ਜੇਕਰ ਇਹ ਤੇਲ ਭਾਰਤ ਆਉਂਦਾ ਤਾਂ ਇਹ ਲਗਪਗ ਸੱਤ ਸਾਲਾਂ ਵਿੱਚ ਭਾਰਤ ਆਉਣ ਵਾਲੀ ਅਜਿਹੀ ਪਹਿਲੀ ਖੇਪ ਹੋਣੀ ਸੀ।

ਮੰਤਰਾਲੇ ਨੇ ਸਪਸ਼ਟ ਕੀਤਾ ਕਿ ਤੇਲ ਵਪਾਰ ਵਿੱਚ ਜਹਾਜ਼ਾਂ ਦਾ ਰਸਤਾ ਬਦਲਣਾ ਇੱਕ ਆਮ ਗੱਲ ਹੈ। ਵਪਾਰਕ ਲੋੜਾਂ ਅਤੇ ਸਹੂਲਤ ਅਨੁਸਾਰ ਸਫ਼ਰ ਦੌਰਾਨ ਲਿਆਂਦੇ ਜਾ ਰਹੇ ਮਾਲ ਦੀ ਮੰਜ਼ਿਲ ਬਦਲੀ ਜਾ ਸਕਦੀ ਹੈ, ਇਸ ਲਈ ਅਜਿਹੇ ਦਾਅਵਿਆਂ ਵਿੱਚ ਕੋਈ ਸੱਚਾਈ ਨਹੀਂ ਹੈ।

ਇਨ੍ਹਾਂ ਗੱਲਾਂ ਨੂੰ ਤੱਥਾਂ ਦੇ ਆਧਾਰ 'ਤੇ ਗਲਤ ਕਰਾਰ ਦਿੰਦਿਆਂ ਕਿ ਭੁਗਤਾਨ ਦੀਆਂ ਰੁਕਾਵਟਾਂ ਕਾਰਨ ਤੇਲ ਦੀ ਖੇਪ ਗੁਜਰਾਤ ਦੇ ਵਾਡੀਨਾਰ ਦੀ ਬਜਾਏ ਚੀਨ ਭੇਜ ਦਿੱਤੀ ਗਈ ਹੈ, ਮੰਤਰਾਲੇ ਨੇ ਸਪਸ਼ਟ ਕੀਤਾ, "ਇਰਾਨੀ ਕੱਚੇ ਤੇਲ ਦੀ ਦਰਾਮਦ ਲਈ ਭੁਗਤਾਨ ਦੀ ਕੋਈ ਰੁਕਾਵਟ ਨਹੀਂ ਹੈ।"

ਮੰਤਰਾਲੇ ਨੇ ਇਹ ਵੀ ਦੱਸਿਆ ਕਿ 'ਸੀ ਬਰਡ' ਨਾਮ ਦਾ ਇੱਕ ਐੱਲ ਪੀ ਜੀ ਜਹਾਜ਼, ਜਿਸ ਵਿੱਚ ਲਗਪਗ 44,000 ਟਨ ਇਰਾਨੀ ਐੱਲ ਪੀ ਜੀ ਸੀ, ਉਹ 2 ਅਪਰੈਲ ਨੂੰ ਮੰਗਲੌਰ ਪਹੁੰਚਿਆ ਹੈ ਅਤੇ ਇਸ ਵੇਲੇ ਮਾਲ ਉਤਾਰ ਰਿਹਾ ਹੈ।

ਕਾਬਲੇਗ਼ੌਰ ਹੈ ਕਿ ਸ਼ਿਪ-ਟਰੈਕਿੰਗ ਫਰਮ 'ਕੇਪਲਰ' ਨੇ ਸ਼ੁੱਕਰਵਾਰ ਨੂੰ ਦੱਸਿਆ ਸੀ ਕਿ ਅਮਰੀਕੀ ਪਾਬੰਦੀਆਂ ਵਾਲਾ ਇਰਾਨੀ ਤੇਲ ਟੈਂਕਰ 'ਪਿੰਗ ਸ਼ੁਨ' ਹੁਣ ਗੁਜਰਾਤ ਦੇ ਵਾਡੀਨਾਰ ਦੀ ਬਜਾਏ ਚੀਨ ਦੇ ਡੋਂਗਯਿੰਗ ਵੱਲ ਜਾ ਰਿਹਾ ਹੈ। ਇਸ ਜਹਾਜ਼ 'ਤੇ ਅਮਰੀਕਾ ਨੇ ਸਾਲ 2025 ਵਿੱਚ ਪਾਬੰਦੀਆਂ ਲਗਾਈਆਂ ਸਨ। 'ਪਿੰਗ ਸ਼ੁਨ' 'ਤੇ ਮੌਜੂਦ ਤੇਲ ਉਹ ਪਹਿਲਾ ਇਰਾਨੀ ਕੱਚਾ ਤੇਲ ਹੋਣਾ ਸੀ ਜੋ ਭਾਰਤ 2019 ਤੋਂ ਬਾਅਦ ਖਰੀਦਦਾ।


## ਕਿਸਾਨਾਂ ਲਈ ਖੁਸ਼ਖਬਰੀ: CM ਮਾਨ ਨੇ ਮੋਗਾ ਦੀ ਧਰਤੀ ਤੋਂ ਕੀਤਾ ਨਵੀਂ ਸਕੀਮ ਦਾ ਆਗਾਜ਼

**ਮੋਗਾ, 4 ਅਪ੍ਰੈਲ (Cee7 News) ।**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨਿੱਚਰਵਾਰ ਨੂੰ ਮੋਗਾ ਵਿਚ ਇੱਕ ਵੱਡੀ ਰੈਲੀ ਦੌਰਾਨ ਕਿਸਾਨਾਂ ਲਈ ਇੱਕ ਨਵੀਂ ਯੋਜਨਾ ਦਾ ਐਲਾਨ ਕੀਤਾ ਹੈ। ਇਸ ਯੋਜਨਾ ਦਾ ਨਾਂ 'ਮੁੱਖ ਮੰਤਰੀ ਸਕੀਮ, 30 ਦਿਨਾਂ 'ਚ ਤਕਸੀਮ' ਰੱਖਿਆ ਗਿਆ ਹੈ। ਇਹ ਯੋਜਨਾ 13 ਅਪ੍ਰੈਲ ਤੋਂ ਪੂਰੇ ਸੂਬੇ ਵਿਚ ਲਾਗੂ ਕੀਤੀ ਜਾਵੇਗੀ। ਇਸ ਯੋਜਨਾ ਤਹਿਤ ਕਿਸਾਨਾਂ ਨੂੰ ਲਾਭ ਤਕਸੀਮ ਕਰਨ ਵਿਚ ਵੱਧ ਤੋਂ ਵੱਧ 30 ਦਿਨ ਲਗਾਏ ਜਾਣਗੇ ਤਾਂ ਜੋ ਲਾਭ ਤੁਰੰਤ ਉਨ੍ਹਾਂ ਤੱਕ ਪਹੁੰਚ ਸਕੇ। ਰੈਲੀ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਦੀ ਧਰਤੀ ਨੂੰ ਬਿਜਲੀ ਖੰਭਿਆਂ ਤੋਂ ਮੁਕਤ ਕਰਨ ਲਈ ਕਿਸਾਨਾਂ ਦੇ ਖੇਤਾਂ ਤੱਕ ਅੰਡਰਗ੍ਰਾਊਂਡ ਬਿਜਲੀ ਤਾਰਾਂ ਦਾ ਜਾਲ ਵਿਛਾਇਆ ਜਾਵੇਗਾ। ਇਸ ਨਾਲ ਖੇਤੀ ਲਈ ਬਿਜਲੀ ਸਪਲਾਈ ਵਧੇਰੇ ਸੁਰੱਖਿਅਤ ਅਤੇ ਭਰੋਸੇਯੋਗ ਬਣੇਗੀ। ਖੰਭੇ ਹਟਾਉਣ ਨਾਲ ਖੇਤਾਂ ਵਿਚ ਜ਼ਿਆਦਾ ਜਗ੍ਹਾ ਵੀ ਮਿਲੇਗੀ ਅਤੇ ਖੇਤੀ ਕੰਮਾਂ ਵਿਚ ਆਸਾਨੀ ਹੋਵੇਗੀ। ਮੁੱਖ ਮੰਤਰੀ ਨੇ ਰੈਲੀ ਵਿਚ ਲਗਭਗ 83 ਕਰੋੜ ਰੁਪਏ ਦੀਆਂ ਵੱਖ-ਵੱਖ ਵਿਕਾਸ ਯੋਜਨਾਵਾਂ ਦਾ ਉਦਘਾਟਨ ਵੀ ਕੀਤਾ। ਇਨ੍ਹਾਂ ਯੋਜਨਾਵਾਂ ਨਾਲ ਮੋਗਾ ਖੇਤਰ ਵਿਚ ਰੋਡਾਂ, ਬਿਜਲੀ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਮਜ਼ਬੂਤੀ ਮਿਲੇਗੀ। ਭਗਵੰਤ ਮਾਨ ਨੇ ਦੱਸਿਆ ਕਿ ਆਪਣੀ ਸਰਕਾਰ ਵੱਲੋਂ ਬਿਨਾਂ ਕਿਸੇ ਰਿਸ਼ਵਤ ਤੋਂ 65 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਯੁਵਕਾਂ ਨੂੰ ਦਿੱਤੀਆਂ ਗਈਆਂ ਹਨ। ਇਸ ਨਾਲ ਬੇਰੁਜ਼ਗਾਰੀ ਘਟਾਉਣ ਵਿਚ ਮਦਦ ਮਿਲੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿਚ ਨਿਰਵਿਘਨ ਆਵਾਜਾਈ ਲਈ ਸੜਕਾਂ ਬਣਾਈਆਂ ਜਾ ਰਹੀਆਂ ਹਨ ਅਤੇ ਕਿਸਾਨਾਂ ਨੂੰ ਖੱਜਲ-ਖੁਆਰੀ ਤੋਂ ਬਚਾਉਣ ਲਈ ਦਿਨ ਵੇਲੇ ਬਿਜਲੀ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਤੋਂ ਇਲਾਵਾ ਸਰਕਾਰ ਨੇ ਨਹਿਰਾਂ ਦਾ 70 ਫੀਸਦੀ ਪਾਣੀ ਖੇਤਾਂ ਲਈ ਸਿੰਚਾਈ ਵਾਸਤੇ ਉਪਲਬਧ ਕਰਵਾਇਆ ਹੈ। ਇਸ ਨਾਲ ਖੇਤੀਬਾੜੀ ਉਤਪਾਦਨ ਵਧਾਉਣ ਵਿਚ ਸਹਾਇਤਾ ਮਿਲ ਰਹੀ ਹੈ। ਵਿਰੋਧੀ ਧਿਰਾਂ 'ਤੇ ਤਿੱਖਾ ਹਮਲਾ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਪਤਾ ਨਹੀਂ ਹੈ।


### ਭਗਵੰਤ ਮਾਨ ਵੱਲੋਂ 'ਮੁੱਖ ਮੰਤਰੀ ਸਕੀਮ, 30 ਦਿਨਾਂ 'ਚ ਤਕਸੀਮ' ਦਾ ਐਲਾਨ



ਉਨ੍ਹਾਂ ਕਿਸਾਨਾਂ ਦੀਆਂ ਮੁਸੀਬਤਾਂ ਨੂੰ ਸਮਝਣ ਤੋਂ ਬਿਨਾਂ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਹੜਤਾਲੀ ਆੜ੍ਹਤੀਆਂ ਨੂੰ ਬਲੈਕਮੇਲ ਵਾਲਾ ਕੰਮ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਦੀਆਂ ਮੰਗਾਂ ਕੇਂਦਰ ਸਰਕਾਰ ਨਾਲ ਸਬੰਧਤ ਹਨ। ਆਪਣੀ ਸਰਕਾਰ ਉਨ੍ਹਾਂ ਮੰਗਾਂ ਨੂੰ ਹੱਲ ਕਰਨ ਲਈ ਕੇਂਦਰ ਨਾਲ ਗੱਲਬਾਤ ਕਰੇਗੀ।

ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਕਿ ਕਿਸਾਨਾਂ ਦੀ ਕਣਕ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ। ਪੰਜਾਬ ਸਰਕਾਰ ਦੀ ਇਸ ਨਵੀਂ ਯੋਜਨਾ ਤੋਂ ਉਮੀਦ ਹੈ ਕਿ ਇਹ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਘਟਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਏਗੀ। 30 ਦਿਨਾਂ ਵਿਚ ਲਾਭ ਤਕਸੀਮ ਕਰਨ ਦਾ ਟਾਰਗੈੱਟ ਇੱਕ ਵੱਡਾ ਕਦਮ ਹੈ ਜੋ ਪਾਰਦਰਸ਼ੀ ਅਤੇ ਤੇਜ਼ ਤਰੀਕੇ ਨਾਲ ਕੰਮ ਕਰਨ ਦੀ ਮਿਸਾਲ ਪੇਸ਼ ਕਰਦਾ ਹੈ। ਅੰਡਰਗ੍ਰਾਊਂਡ ਬਿਜਲੀ ਤਾਰਾਂ ਦੀ ਯੋਜਨਾ ਵੀ ਖੇਤੀ ਖੇਤਰ ਵਿਚ ਆਧੁਨਿਕਤਾ ਲਿਆਵੇਗੀ ਅਤੇ ਬਿਜਲੀ ਸਬੰਧੀ ਦੁਰਘਟਨਾਵਾਂ ਘਟਾਉਣ ਵਿਚ ਮਦਦਗਾਰ ਸਾਬਤ ਹੋਵੇਗੀ।ਇਸ ਤੋਂ ਇਲਾਵਾ ਰੋਡਾਂ ਅਤੇ ਬਿਜਲੀ ਸਪਲਾਈ ਵਿਚ ਸੁਧਾਰ ਨਾਲ ਆਮ ਲੋਕਾਂ ਅਤੇ ਕਿਸਾਨਾਂ ਦੀ ਜੀਵਨ ਸ਼ੈਲੀ ਵੀ ਬਿਹਤਰ ਹੋਵੇਗੀ। ਭਗਵੰਤ ਮਾਨ ਨੇ ਆਪਣੀ ਰੈਲੀ ਵਿਚ ਇਹ ਸਪੱਸ਼ਟ ਕੀਤਾ ਕਿ ਉਨ੍ਹਾਂਦੀ ਸਰਕਾਰ ਕਿਸਾਨਾਂ ਦੇ ਹੱਕ ਵਿਚ ਹਮੇਸ਼ਾ ਖੜ੍ਹੀ ਰਹੇਗੀ ਅਤੇ ਉਨ੍ਹਾਂ ਦੀਆਂ ਭਲਾਈ ਲਈ ਨਵੀਆਂ ਯੋਜਨਾਵਾਂ ਲਿਆਂਦੀਆਂ ਜਾਣਗੀਆਂ।ਮੋਗਾ ਰੈਲੀ ਨੇ ਇੱਕ ਵਾਰ ਫਿਰ ਸਾਬਤ ਕੀਤਾ ਕਿ ਆਪ ਸਰਕਾਰ ਖੇਤੀਬਾੜੀ ਨੂੰ ਆਪਣੀ ਤਰਜੀਹ ਮੰਨਦੀ ਹੈ। ਲੋਕ ਉਮੀਦ ਕਰ ਰਹੇ ਹਨ ਕਿ ਇਹ ਐਲਾਨ ਤੱਥੀ ਰੂਪ ਵਿਚ ਲਾਗੂ ਹੋਣਗੇ ਅਤੇ ਕਿਸਾਨ ਭਾਈਚਾਰਾ ਇਸ ਤੋਂ ਲਾਭ ਉਠਾਏਗਾ। 13 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੀ ਇਸ ਯੋਜਨਾ ਨੂੰ ਲੈ ਕੇ ਖੇਤੀਬਾੜੀ ਵਿਭਾਗ ਵੀ ਤਿਆਰੀਆਂ ਵਿਚ ਲੱਗਿਆ ਹੋਇਆ ਹੈ।

## ਕੌਲੀ ਚੱਟ ਕਈ ਯਾਰ ਨੇ ਹੁੰਦੇ



ਕਲਯੁੱਗ ਦੇ ਵਿੱਚ ਰਿਸ਼ਤੇ ਤਾਰੋ ਤਾਰ ਨੇ ਹੁੰਦੇ।
ਸੱਚੇ ਦੀ ਕਦਰ ਨੀ ਕੋਈ ਝੂਠੇ ਵਿਉਪਾਰ
ਨੇ ਹੁੰਦੇ।

ਪਰਿਵਾਰਾਂ ਵਿੱਚ ਕੋਈ ਪੁੱਛ ਪ੍ਰਤੀਤ ਨੀ ਰਹਿਗੀ,
ਘੱਟ ਹੀ ਦੋਸਤ ਰਹਿਗੇ ਜੋ ਗ਼ਮਖ਼ਾਰ ਨੇ ਹੁੰਦੇ।

ਸੱਤ ਬਿਗਾਨਾ ਕਈ ਵਾਰੀ ਨਿੱਭ ਜਾਂਦਾ ਹੈ ਪੂਰਾ,
ਉਂਝ ਘਰਦਿਆਂ ਤੇ ਹੀ ਬਹੁਤੇ ਇਤਬਾਰ ਨੇ ਹੁੰਦੇ।

ਇਕ ਦੂਜੇ ਨਾਲ ਰਿਸ਼ਤੇਦਾਰ ਨਹੀਂ ਵਰਤ ਕੇ ਰਾਜੀ ,
ਘਰਦੇ ਵੀ ਤਾਂ ਬਹੁਤੇ ਕਹਿਣਿਓਂ ਬਾਹਰ ਨੇ ਹੁੰਦੇ।

ਸੱਚੀ ਗੱਲ ਨੂੰ ਅੱਜ ਕੱਲ ਕੋਈ ਸਹਾਰਦਾ ਨਹੀਂਓਂ,
ਬਹੁਤ ਜਿਆਦਾ ਝੂਠ ਉੱਤੇ ਅਸਵਾਰ ਨੇ ਹੁੰਦੇ।

ਨਸ਼ਿਆਂ ਦੇ ਵਿੱਚ ਜਕੜੀ ਪਈ ਅੱਜ ਦੀ ਜਵਾਨੀ ,
ਅੱਜ ਕੱਲ੍ਹ ਦੇ ਪੁੱਤ ਮਾਪਿਆਂ ਉੱਤੇ ਭਾਰ ਨੇ ਹੁੰਦੇ।

ਗੌਂਅ ਦੇ ਮਾਰੇ ਲੋਕੀ ਅੱਜ ਕਲ੍ਹ ਬਹੁਤੇ ਫਿਰਦੇ,
ਦੱਦਾਹੂਰੀਆ ਕਈ ਕੌਲੀ ਚੱਟ ਵੀ ਯਾਰ ਨੇ ਹੁੰਦੇ।

ਜਸਵੀਰ ਸ਼ਰਮਾਂ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

## ਦੁਨੀਆ ਨੂੰ ਹੁਣ ਜਾਨਣ ਲੱਗੀ ਆਂ, ਹਕੀਕਤ ਸਭ ਦੀ ਪਹਿਚਾਨਣ ਲੱਗੀ ਆਂ,



ਦੁਨੀਆ ਨੂੰ ਹੁਣ ਜਾਨਣ ਲੱਗੀ ਆਂ,
ਹਕੀਕਤ ਸਭ ਦੀ ਪਹਿਚਾਨਣ ਲੱਗੀ ਆਂ,

ਗਮਾਂ ਦਾ ਬੋਰਾ ਲੱਗਦਾ ਸੀ ਬੋਝਲ,
ਦਰਦਾਂ ਨੂੰ ਮੈਂ ਛਾਨਣ ਲੱਗੀ ਆਂ,


ਚਾਵਾਂ ਨੂੰ ਕਦੀ ਸੀ ਮਾਰ ਮੁਕਾਇਆ,
ਰੀਝਾਂ ਨੂੰ ਹੁਣ ਮੈਂ ਮਾਂਣਨ ਲੱਗੀ ਆਂ,

ਖੋ ਗਈ ਸਾਂ ਕਿਤੇ ਕੱਲੀ ਰਹਿ ਕੇ,
ਖੁਦ ਨੂੰ ਅੰਦਰੋ ਭਾਲਣ ਲੱਗੀ ਆਂ,

ਰਾਣੂ ਹਨੇਰੇ ਚੋਂ ਆ ਦੀਪ ਜਲਾ ਕੇ,
ਜ਼ਿੰਦਗੀ ਹੁਣ ਵਾਂਗ ਚਾਂਨਣ ਲੱਗੀ ਆ...॥


ਗੁਰਜੀਤ ਕੌਰ ਰਾਣੂ

## ਜੋ ਤੁਹਾਨੂੰ ਸਮੇਂ -ਸਮੇਂ 'ਤੇ ਆ ਕੇ ਚੇਤੇ ਕਰਵਾਉਂਦੇ ਨੇ ਕਿ ਕੇਹਾ ਔਗੁਣਾਂ ਭਰਿਆ ਘੜਾ ਏਂ ਤੂੰ...



ਜੋ ਤੁਹਾਨੂੰ ਸਮੇਂ -ਸਮੇਂ 'ਤੇ ਆ ਕੇ ਚੇਤੇ ਕਰਵਾਉਂਦੇ ਨੇ ਕਿ ਕੇਹਾ ਔਗੁਣਾਂ ਭਰਿਆ ਘੜਾ ਏਂ ਤੂੰ... ਕਿੰਨੇ ਸੋਹਣੇ ਲੋਕ ਨੇ ਉਹ। ਪਰ ਇਹ ਵੀ ਤਾਂ ਹੈ ਕਿ ਉਹ ਐਡੇ ਸੋਹਣੇ ਵੀ ਤੁਹਾਡੀਆਂ ਕਮੀਆਂ ਦੇ ਸਿਰ 'ਤੇ ਹੋਏ ਨੇ। ਤੁਸੀਂ ਘਾਟੇ 'ਚ 'ਤੇ ਉਹ ਸੁਲੱਖਣੇ ਹੋ ਗਏ!
ਚਿੱਤ ਟਿਕਾਣੇ ਰੱਖੋ। ਤੁਸੀਂ ਵੀ ਚੁੱਪ-ਚੁਪੀਤੇ ਇਹ ਨੇਕੀ ਦਾ ਕੰਮ ਉਨਾਂ ਲਈ ਕਰ ਹੀ ਰਹੇ ਹੋ।
ਫ਼ਿਰ ਤਾਂ ਸਾਰੀ ਦੁਨੀਆਂ ਹੀ ਸੋਹਣੀ ਹੋਈ ਨਾ!!
ਜਸ ਜੀਤ ❤️

## ਸਾਡਾ ਹੱਸਣਾ ਬਣਦਾ ਈ ਸੀ



ਸਾਡਾ ਹੱਸਣਾ ਬਣਦਾ ਈ ਸੀ
ਜੇ ਨਾ ਹੱਸਦੇ ਉਹ ਕਿੰਝ ਮਰਦਾ
ਇਹ ਬਾਜ਼ੀ ਜੇਤੂ ਹੋਣੀ ਈ ਸੀ
ਜੇ ਨਾ ਜਿੱਤਦੇ ਉਹ ਕਿੰਝ ਹਰਦਾ...
ਜਸ ਜੀਤ ❤️

# ਪਾਥੀਆਂ ਕਹਾਣੀ(ਜ਼ਿੰਦਗੀ ਦੀਆਂ ਯਾਦਾਂ)



ਮੈ ਸ਼ਾਇਦ ਦੂਜੀ-ਤੀਜੀ ਵਿੱਚ ਪੜ੍ਹਦਾ ਸੀ। ਗਰਮੀ ਦੀਆਂ ਛੁੱਟੀਆਂ ਕੱਟਣ ਲਈ ਮੈ ਆਪਣੇ ਮਾਮੇ ਪਿੰਡ ਅਥਵਾ ਨਾਨਕੇ ਚਲਾ ਗਿਆ ਸੀ। ਮੈ ਸੋਚਿਆ ਇਕ ਤਾ ਬਾਪ ਦੇ ਡੰਗਰ ਚਾਰਨ ਅਤੇ ਪੱਠੇ ਪਾਉਣ ਤੋਂ ਬਚ ਗਏ,ਦੂਜਾ ਨਾਨਕੇ ਪਿੰਡ ਚੰਗਾ-ਚੋਖਾ ਖਾਵਾਗੇ।ਇਸ ਤੋਂ ਇਲਾਵਾ ਮੌਜ-ਮਸ਼ਤੀ ਕਰਾਗੇ।

ਮੇਰੀ ਸਭ ਤੋਂ ਛੋਟੀ ਮਾਸੀ ਗਾਸੋ, ਲੱਗ ਭੱਗ ਮੇਰੇ ਹਾਣ ਦੀ ਸੀ। ਇਸ ਤੋਂ ਇਲਾਵਾ ਗਵਾਂਢੀਆਂ ਦੇ ਨਿਆਣਿਆਂ ਵਿੱਚ ਮੇਰੀ ਚੰਗੀ ਪੈਠ ਜਾਦਿਆਂ ਬਣ ਗਈ ਸੀ। ਉਹਨਾਂ ਸਮਿਆਂ ਵਿੱਚ ਰਾਸ਼ਣ ਪਕਾਉਣ ਲਈ ਮੁੱਖ ਸ੍ਰੋਤ ਪਾਥੀਆਂ ਹੀ ਹੁੰਦੀਆਂ ਸਨ। ਜਿਵੇ ਚੁੱਲੇ ਵਿੱਚ ਰੀਣੀ ਲਾ ਕੇ, ਨਾਲ ਕੋਈ ਸੁੱਕੀ ਲੱਕੜ ਲਾ ਕੇ ਸਾਰੀਆਂ ਰੋਟੀਆਂ ਜਨਾਨੀਆਂ ਲਾਹ ਲੈਦੀਆਂ ਸਨ।ਉਸ ਟਾਇਮ ਤੇ ਇਹ ਅਖਾਣ ਵੀ ਆਮ ਵਰਤਿਆ ਜਾਂਦਾ ਸੀ,ਚੁੱਲਾ ਨਾ ਭਰਦਾ ਅੰਗਿਆਰੀਆਂ ਨਾਲ,ਮਾਂ ਨਾ ਰੱਜਦੀ ਪੁੱਤਾਂ ਨਾਲ।ਇਸ ਤੋਂ ਇਲਾਵਾ ਦੁੱਧ-ਦਾਲ,ਜਬਜੀ ਵੀ ਭੜੋਲੀ ਵਿੱਚ ਪਾਥੀਆਂ ਚਿਣ ਕੇ,ਮਿੱਟੀ ਦੇ ਭਾਡਿਆਂ ਵਿੱਚ (ਤੌੜੀਆਂ ਵਿੱਚ ) ਪਕਾਈ ਜਾਂਦੀ ਸੀ। ਜੋ ਤਿੰਨ ਚਾਰ ਘੰਟੇ ਸਹਿਜੇ-ਸਹਿਜੇ ਰਿੱਝ ਕੇ ਬਹੁਤ ਸਵਾਦ ਬਣਦੀ ਸੀ।

ਪਿੰਡ ਦੇ ਬਾਹਰਵਾਰ ਪਥਕਣਾਂ ਹੁੰਦੀਆਂ ਸਨ। ਜਿੱਥੇ ਗੋਹਾਂ ਸੁੱਟਣ ਵਾਲੀਆਂ ਸਾਫ ਤੇ ਚੰਗੇ ਫੋਸ ਅਲੱਗ ਕਰਕੇ ਪਾਥੀਆਂ ਪੱਥਣ ਲਈ ਪਥਕਣੇ ਸੁੱਟ ਜਾਦੀਆਂ ਸਨ। ਕਦੇ ਕਦੇ ਪਾਥੀਆਂ ਪੱਥ ਵੀ ਜਾਦੀਆਂ ਸਨ। ਸਿਆਣੀਆਂ ਜਨਾਨੀਆਂ ਗੋਹੇ ਵਿੱਚ ਪਸ਼ੂਆਂ ਦੀ ਛੱਡੀ ਘੋਰ ਦੇ ਡੱਕੇ ਮਿਕਸ ਕਰਕੇ ਪਾਥੀਆਂ ਪੱਥ ਲੈਦੀਆਂ ਸਨ। ਇਸ ਤਰਾਂ ਇਕ ਤਾ ਫਾਲਤੂ ਘੋਰ ਕੰਮ ਆ ਜਾਦੀ ਸੀ,ਦੂਜਾ ਗੱਲ ਘੋਰ ਨਾਲ ਪਾਥੀਆਂ ਬਣ ਦੀਆ ਵੀ ਵਧੇਰੇ ਸਨ ਅਤੇ ਮੱਚਦੀਆਂ ਬਹੁਤ ਸਨ।

ਜਿਆਦਾ ਕਰਕੇ ਸਾਰੀਆਂ ਜੱਟੀਆਂ ਦੋ ਤਿੰਨ ਘੰਟੇ ਪੰਥਕਣਾਂ ਵਿੱਚ ਵੇਲੇ-ਕੁਵੇਲੇ ਹਰ ਰੋਜ ਕੰਮ ਕਰਦੀਆਂ ਸਨ। ਆਠਰੀਆਂ ਪਾਥੀਆਂ ਨੂੰ ਥੱਲਣਾ ਫਿਰ ਆਪਣੀ ਹੱਦ ਬੰਦੀ ਦੁਆਲੇ ਅੱਧ ਸੁੱਕੀਆਂ ਪਾਥੀਆਂ ਨਾਲ ਦੁਵਾਰ ਕਰਕੇ ਘੇਰਾ ਇਸ ਤਰ੍ਹਾਂ ਵਲ ਲੈਣਾ,ਜਿਵੇਂ ਵਾਹਗਾ ਬਾਡਰ ਤੇ ਤਾਰ ਲੱਗੀ ਹੈ। ਪਥਕਣਾਂ ਹੋਰ ਗੁਵਾਡੀਆਂ ਦੀਆਂ ਸ਼ਾਮਲਾਟ ਵਿੱਚ ਨੇੜੇ,ਨੇੜੇ ਹੋਣ ਕਰਕੇ ਆਪੋ-ਆਪਣੇ ਕਬਜੇ ਦਾ ਹਮੇਸ਼ਾ ਖਾਸ਼ ਧਿਆਨ ਰੱਖਿਆ ਜਾਂਦਾ ਸੀ। ਸੁੱਕੀਆਂ ਪਾਥੀਆਂ ਨੂੰ ਗੂਹਰੇ ਬਣਾ ਕੇ ਇਸ ਤਰ੍ਹਾਂ ਸਟੋਰ ਕੀਤਾ ਜਾਂਦਾ ਸੀ ਜਿਵੇਂ ਸਹਿਦ ਦੀਆਂ ਮੱਖੀਆਂ ਫੁੱਲਾਂ ਦੀ ਬਹਾਰ ਵਿੱਚ ਕਰੁੱਤੇ ਟਾਇਮ ਲਈ ਸਹਿਦ ਇਕੱਠਾ ਕਰ ਲੈਦੀਆ ਹਨ। ਗੂਹਰੇ ਨੂੰ ਬਰਸਾਤਾਂ ਅਤੇ ਸਿਆਲ ਵਿੱਚ ਵਰਤਣ ਲਈ ਬਣਾਇਆ ਜਾਂਦਾ ਸੀ। ਉਦਮ ਵਾਲੀਆਂ ਜਨਾਨੀਆਂ ਪੰਜ ਸੱਤ ਗੂਹਰੇ ਬਣਾ ਲੈਂਦੀਆਂ ਸਨ।

ਗੂਹਰੇ ਵਿੱਚ ਤਿੰਨ ਚਾਰ ਸੌ ਪਾਥੀ ਕਾਬੂ ਕੀਤੀ ਜਾਂਦੀ ਸੀ। ਗੂਰਿਆਂ ਨੂੰ ਪਹਿਲਾਂ ਗੋਹੇ ਨਾਲ ਲਿਪਿਆ ਜਾਂਦਾ ਸੀ ਫਿਰ ਮਿੱਟੀ ਦੇ ਲੇਅ ਨਾਲ ਲਿੱਪ ਕੇ, ਮੀਂਹ ਤੋਂ ਬਚਾਉਣ ਲਈ ਪੱਕਾਂ ਕੰਮ ਕੀਤਾ ਜਾਂਦਾ ਸੀ।ਲੋੜ ਪੈਣ ਤੇ ਜਾਂ ਘਰ ਦੇ ਪੰਜ ਪਾਜੇ ਪੂਰੇ ਕਰਨ ਲਈ ਬਹੁਤੀਆਂ ਕਮਾਊ ਜਨਾਨੀਆਂ ਗੂਹਰੇ ਵੇਚ ਵੀ ਲੈਂਦੀਆਂ ਸਨ। ਘੁਮਿਆਰ ਦੀਵਾਲੀ ਤੋਂ ਮਹੀਨਾ ਪਹਿਲਾਂ ਦੀਵੇ ਅਤੇ ਮਿੱਟੀ ਦੇ ਭਾਂਡੇ ਪਕਾਉਣ ਲਈ ਗੂਹਰਿਆਂ ਦਾ ਜਰਾ ਚੰਗਾ ਰੇਟ ਦੇ ਦਿੰਦੇ ਸਨ। ਭਾਵ ਵੀਹ ਰੁਪਏ ਦਾ ਵੱਡਾ ਗੂਹਰਾ ਮੇਰੀ ਨਾਨੀ ਵੀ ਵੇਚ ਲੈਦੀ ਸੀ।

ਪਾਕਿ-ਚੀਨ ਦੇ ਬਾਡਰ ਵਾਂਗ ਚਲਾਕ ਜਨਾਨੀਆਂ ਹੱਦ ਬੰਦੀ ਤੋ ਜ਼ਰਾ ਅੱਗੇ ਘੁਸਪੈਠ ਕਰਨ ਦੀ ਕੋਸ਼ਿਸ਼ ਕਰਦੀਆਂ ਰਹਿੰਦੀਆਂ ਸਨ। ਅੱਜ ਵੀ ਗੁਵਾਢਣ ਜਨਾਨੀਆਂ ਦੀ ਹੱਦ-ਬੰਦੀ ਤੇ ਹੋਈ ਤਕਰਾਰ ਮੈ ਤੇ ਮੇਰੀ ਛੋਟੀ ਮਾਸੀ ਵੇਖਣ ਚਲੇ ਗਏ ਸੀ। ਤਕਰਾਰ ਕੁਝ ਕੁੱਕੜਾਂ ਦੇ ਪਾਥੀਆਂ ਫਰੋਲਣ ਕਰਕੇ ਵੀ ਹੋ ਗਈ ਸੀ। ਗਾਲੀ-ਗਲੋਚ ਤੋਂ ਬਾਅਦ ਪਾਥੀਆਂ ਦੇ ਗੋਲੇ ਇਕ ਦੂਜੀ ਵਲ ਇਸ ਤਰਾ ਚੱਲਣੇ ਸੁਰੂ ਹੋ ਗਏ ਸਨ। ਜਿਵੇ ਅਮਰੀਕਾ ਅਤੇ ਇਰਾਨ ਦੀਆ ਇਕ-ਦੂਜੇ ਵਲ ਮਿਜ਼ਾਈਲਾਂ ਚੱਲ ਰਹੀਆਂ ਹਨ।

ਤਿੰਨ ਚਾਰ ਪਾਥੀਆਂ ਮੇਰੇ ਸਿਰ ਵਿੱਚ ਆ ਵੱਜੀਆਂ ਸਨ। ਮਾਸੀ ਮੇਰੀ ਇੱਕੋ ਪਾਥੀ ਵੱਜਣ ਤੋਂ ਬਾਅਦ ਭੱਜ ਗਈ ਸੀ। ਮੈ ਇਹੋ ਜਿਹਾ ਅਖਾੜਾ ਪਹਿਲੀ ਵਾਰ ਵੇਖਣ ਕਰਕੇ ਮਜ਼ਾ ਲੈ ਰਿਹਾ ਸੀ

ਪਾਥੀਆਂ ਜ਼ਰਾ ਗਿਲੀਆਂ ਹੋਣ ਕਰਕੇ ਮੇਰੇ ਸੱਟ ਨਹੀਂ ਸੀ ਲੱਗੀ, ਪਰੰਤੂ ਮੈ ਡਿੱਗ ਪਿਆ ਸੀ। ਮੇਰੇ ਡਿਗਦਿਆਂ ਸਾਰ ਲੜਾਈ ਬੰਦ ਹੋ ਗਈ ਸੀ। ਮੇਰੀ ਨਾਨੀ ਉਹਨਾਂ ਦਾ ਪਿੱਟ-ਸਿਆਪਾ ਕਰਦੀ ਮੈਨੂੰ ਚੁੱਕ ਕੇ ਇਸ ਤਰ੍ਹਾਂ ਭੱਜ ਆਈ ਸੀ ਜਿਵੇ ਰਾਵਣ ਸੀਤਾ ਨੂੰ ਲੈ ਕੇ ਭੱਜ ਗਿਆ ਸੀ।

ਹੁਣ ਗੁਵਾਢਣਾਂ ਮੇਰਾ ਪਤਾ ਲੈਣ ਇਸ ਤਰ੍ਹਾਂ ਲੈਣ ਆ ਰਹੀਆਂ ਸਨ ਜਿਵੇ ਮੈ ਜਪਾਨ ਦੇ ਸ਼ਹਿਰ ਹੀਰੋ ਸੀਮਾ ਵਿੱਚ ਫੱਟੜ ਹੋ ਗਿਆ ਹੋਵਾਂ । ਮੈਨੂੰ ਨਹੀ ਪਤਾ ਉਹਨਾ ਦੀ ਹੱਦਬੰਦੀ ਦਾ ਕੀ ਬਣਿਆ। ਉਹਨਾ ਦੀ ਲੜਾਈ ਦਾ ਰਾਜ਼ੀਨਾਵਾਂ ਕਿਸ ਨੇ ਕਰਵਾਇਆ।ਪ੍ਰੰਤੂ ਦੋਵੇ ਧਿਰਾ ਵਲੋ ਚਲਾਈਆ ਪਾਥੀਆਂ ਮਿਜ਼ਾਈਲਾਂ ਦੇ ਟੁਕੜਿਆਂ ਵਾਗ ਅਗਲੇ ਦਿਨ ਤੱਕ ਖਿਲਰੀਆਂ ਪਈਆਂ ਸਨ।

ਹੁਣ ਮੈਨੂੰ ਪਹਿਲਾ ਨਾਲੋਂ ਵਧੇਰੇ ਚੰਗਾ ਚੋਖਾ ਖਾਣ ਨੂੰ ਮਿਲਣ ਲੱਗ ਪਿਆ ਸੀ।ਭਾਵ ਖੀਰ,ਕੜਾਹ,ਸੇਵੀਆਂ,ਪਕੋੜੇ,ਗੁੜ ਅਤੇ ਹੋਰ ਫਲ-ਫਰੂਟ ਆਦਿ।

ਪਰੰਤੂ ਉਹਨਾਂ ਦੋਵਾਂ ਧਿਰਾਂ ਨੂੰ ਇਸ ਕੀਤੀ ਬੰਬ-ਬਾਰੀ ਦਾ ਅਤੇ ਮੇਰੇ ਪਾਥੀਆਂ ਵੱਜਣ ਦਾ ਬਹੁਤ ਪਛਤਾਵਾ ਸੀ।

ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ।
9530579175,

# ਸਮਾਂ ਹਮੇਸ਼ਾ ਆਪਣੀ ਚਾਲ ਚੱਲਦਾ ਰਹਿੰਦਾ ਹੈ, ਸਮੇਂ ਨਾਲ ਹਰ ਚੀਜ਼ ਨੇ ਬਦਲਣਾ ਹੁੰਦਾ ਹੈ



ਸਮਾਂ ਹਮੇਸ਼ਾ ਆਪਣੀ ਚਾਲ ਚੱਲਦਾ ਰਹਿੰਦਾ

ਹੈ। ਸਮੇਂ ਨਾਲ ਹਰ ਚੀਜ਼ ਨੇ ਬਦਲਣਾ ਹੁੰਦਾ ਹੈ। ਜਨਮ ਤੋਂ ਬਚਪਨ, ਬਚਪਨ ਤੋਂ ਜਵਾਨੀ ਤੇ ਜਵਾਨੀ ਤੋਂ ਬੁਢਾਪਾ ਅਖੀਰ ਮੌਤ ਤੇ ਜਾ ਕੇ ਕਹਾਣੀ ਮੁੱਕਦੀ ਹੈ। ਇਸ ਵਿੱਚ ਹਰ ਅਵਸਥਾ ਦਾ ਆਪਣਾ ਇੱਕ ਮੁਕਾਮ ਹੈ। ਜ਼ਿੰਦਗੀ ਵਿੱਚ ਹਰ ਉਮਰ ਦਾ ਹਰ ਸਮੇਂ ਦਾ ਆਪਣਾ ਇਕ ਰੰਗ ਹੈ। ਸਮੱਸਿਆ ਉਦੋਂ ਆਉਂਦੀ ਹੈ ਜਦੋਂ ਅਸੀਂ ਆਪਣੀ ਢਲਦੀ ਜਵਾਨੀ ਨੂੰ ਮਨਜ਼ੂਰ ਨਹੀਂ ਕਰ ਪਾਉਂਦੇ। ਸਾਨੂੰ ਔਖਾ ਲੱਗਦਾ ਹੈ ਇਸ ਗੱਲ ਨੂੰ ਮੰਨਣਾ ਕਿਉਂ ਸਾਡੀ ਉਮਰ ਢਲ ਰਹੀ ਹੈ ਤੇ ਇਸ ਨਾਲ ਬਹੁਤ ਕੁਝ ਬਦਲ ਵੀ ਰਿਹਾ ਹੈ। ਢਲਦੀ ਉਮਰ ਨਾਲ ਸਿਰਫ ਵਾਲ ਚਿੱਟੇ ਨਹੀਂ ਹੁੰਦੇ ਜਾਂ ਸਿਰਫ ਝੁਰੜੀਆਂ ਚਿਹਰੇ ਤੇ ਥੋੜ੍ਹਾ ਥੋੜ੍ਹਾ ਨਜ਼ਰ ਆਉਣੀਆਂ ਸ਼ੁਰੂ ਨਹੀਂ ਹੁੰਦੀਆਂ। ਇਸ ਨਾਲ ਇੱਕ ਸਮਝ ਵੀ ਆਉਂਦੀ ਹੈ। ਇਸ ਨਾਲ ਬੰਦਾ ਸਹਿਜ ਵੀ ਹੁੰਦਾ ਹੈ। ਸਮਾਂ ਜੋ ਸਿਖਾਉਂਦਾ ਹੈ ਉਹ ਕੋਈ ਹੋਰ ਨਹੀਂ ਸਿਖਾ ਸਕਦਾ। ਜਵਾਨੀ ਦੀਆਂ ਭੁੱਲਾਂ ਦਾ ਅਹਿਸਾਸ ਅਕਸਰ ਢਲਦੀ ਉਮਰ ਨਾਲ ਹੀ ਹੁੰਦਾ ਹੈ। ਇਸ ਉਮਰ ਵਿੱਚ ਹੀ ਆਪਣਿਆਂ ਦੀ ਸਮਝ ਆਉਂਦੀ ਹੈ। ਚਿਹਰਾ ਹੈ ਇਹ ਹਮੇਸ਼ਾ ਜਵਾਨ ਨਹੀਂ ਰਹਿ ਸਕਦਾ। ਇਸ ਵਿੱਚ ਥੋੜ੍ਹਾ ਬਹੁਤ ਫਰਕ ਪੈਣਾ ਬਣਦਾ ਹੈ। ਪਰ ਕੁਦਰਤ ਦੀ ਕਾਰੀਗਰੀ ਦੇਖੋ ਇਹ ਫਰਕ ਇੰਨੀ ਹੌਲੀ ਹੌਲੀ ਪੈਂਦਾ ਹੈ ਕਿ ਤੁਹਾਨੂੰ ਮਹਿਸੂਸ ਵੀ ਨਹੀਂ ਹੁੰਦਾ। ਇੱਕ ਗੱਲ ਇਹ ਵੀ ਹੈ ਕਿ ਅੱਜ ਕੱਲ ਅਜਿਹੇ ਬਹੁਤ ਸਾਰੇ ਤਰੀਕੇ ਹਨ ਜਿਸ ਨਾਲ ਤੁਸੀਂ ਆਪਣੀ ਸਾਂਭ ਸੰਭਾਲ ਕਰ ਸਕਦੇ ਹੋ। ਪਰ ਇਹ ਸੱਚ ਹੈ ਕਿ ਤੁਸੀਂ ਕਦੇ ਵੀ ਗਏ ਦਿਨਾਂ ਨੂੰ ਵਾਪਸ ਨਹੀਂ ਲਿਆ ਸਕਦੇ। ਬੁਢਾਪੇ ਤੋਂ ਜਵਾਨੀ ਦਾ ਕੋਈ ਸਫਰ ਨਹੀਂ ਹੈ। ਅੱਖਾਂ ਤੇ ਲੱਗੀ ਐਨਕ ਤੋਂ ਘਬਰਾਓ ਨਾ ਨਾ ਹੀ ਸ਼ਰਮਾਓ। ਇਸ ਨੂੰ ਅਪਣਾਓ। ਇਹ ਤੁਹਾਡੇ ਚਿਹਰੇ ਦਾ ਰੂਪ ਵਧਾਉਂਦੀ ਹੈ। ਜਦੋਂ ਅਸੀਂ ਆਪਣੀ ਉਮਰ ਨੂੰ ਮਨਜ਼ੂਰ ਕਰਦੇ ਹਾਂ ਉਸਨੂੰ ਸਵੀਕਾਰ ਕਰਦੇ ਹਾਂ ਤਾਂ ਸਾਡੇ ਚਿਹਰੇ ਦਾ ਨਿਖਾਰ ਹੀ ਹੋਰ ਹੋ ਜਾਂਦਾ ਹੈ। ਇੱਕ ਉਮਰ ਵਿੱਚ ਖ਼ੂਬਸੂਰਤ ਹੋਣਾ ਮਹੱਤਵਪੂਰਨ ਹੁੰਦਾ ਹੈ ਪਰ ਇੱਕ ਉਮਰ ਵਿੱਚ ਐਲੀਗੈਂਟ ਹੋਣਾ ਜਿਆਦਾ ਮਹੱਤਵਪੂਰਨ ਹੋ ਜਾਂਦਾ ਹੈ। ਹਰ ਚੀਜ਼ ਦਾ ਆਪਣਾ ਮਹੱਤਵ ਹੈ। ਆਪਣੇ ਅੰਦਰ ਹੋ ਰਹੀ ਤਬਦੀਲੀ ਨੂੰ ਮਹਿਸੂਸ ਕਰੋ। ਇਹ ਖੁਸ਼ਨਸੀਬੀ ਹਰ ਇੱਕ ਦੀ ਨਹੀਂ ਕਿ ਉਹ ਉਮਰ ਦੇ ਅਖੀਰਲੇ ਪੜਾਅ ਤੱਕ ਪਹੁੰਚੇ। ਜੇਕਰ ਤੁਸੀਂ ਪਹੁੰਚ ਰਹੇ ਹੋ ਤਾਂ ਤੁਸੀਂ ਖੁਸ਼ਕਿਸਮਤ ਹੋ।

ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਕੁਦਰਤ ਦੇ ਹਰ ਬਦਲ ਦੇ ਰੰਗ ਆਪਣੀ ਹਰ ਬਦਲ ਦੀ ਅਵਸਥਾ ਨੂੰ ਮਹਿਸੂਸ ਕਰੋ ਸਵੀਕਾਰ ਕਰੋ ਤੇ ਖੁਸ਼ ਰਹੋ।

ਲੇਖਕ : ਹਰਪ੍ਰੀਤ ਕੌਰ ਸੰਧੂ।

# ਪਰਦੇ ਤੋਂ ਪਰਦਾ ਕੀ ਉੱਠਿਆ ਇਸ ਦੀ ਅਸਲੀਅਤ ਸਾਹਮਣੇ ਸਾਰਿਆ ਦੇ ਖੁਦ-ਬਖੁਦ ਆਉਂਣ ਲੱਗੀ



ਪਰਦੇ ਤੋਂ ਪਰਦਾ ਕੀ ਉੱਠਿਆ ਇਸ ਦੀ
ਅਸਲੀਅਤ ਸਾਹਮਣੇ ਸਾਰਿਆ ਦੇ
ਖੁਦ-ਬਖੁਦ ਆਉਂਣ ਲੱਗੀ,
ਜ਼ਿੰਦਗੀ ਨਿਖਰਨ ਦੇ ਥਾਂ ਹੋਰ ਵੀ
ਬਦ-ਸੂਰਤ,ਬਨਾਵਟੀ ਥਿਆਉਂਣ ਲੱਗੀ !
ਅਨੂਠੀ ਸ਼ਾਜਿਸ਼ ਦਾ ਹਿੱਸਾ ਬਣ ਸਾਰੀ
ਦੁਨੀਆਂ ਬਣ ਐਕਟਰ, ਡਾਇਰੈਕਟਰ
ਵੱਖਰੇ ਕੌਤਕ ਦਿਖਾਉਂਣ ਲੱਗੀ !
ਬੇਫਿਕਰੀ ਆਲੀ ਨੀਂਦ ਗਈ ਉੱਡ-ਪੁੱਡ
ਕਿੱਧਰੇ,ਦਿਨ-ਰਾਤ ਚਿੰਤਾ ਫਾਲਤੂ ਹਰੇਕ
ਤਈਂ ਸਤਾਉਂਣ ਲੱਗੀ !
ਖੁਸ਼ੀਆਂ ਨੂੰ ਲੱਗਦਾ-ਲੱਗਦਾ ਹਰ ਘਰ
ਘੁਣ ਲੱਗ ਗਿਆ, ਕਿ ਮੰਜਿਲ ਦੂਰ ਤੋਂ ਵੀ
ਥਿਆਉਂਣ ਲੱਗੀ !
ਸਮਾਂ ਏਨ੍ਹਾ ਤੇਜ ਦੌੜਿਆ ਕਿ ਦੁਨੀਆਂ
ਬੈਠੀ-ਬਿਠਾਈ ਲਾਲਚ ਵਿੱਚ ਆ,
ਰੀਲੋ -ਰੀਲ ਬੇਢੰਗੀ ਹੋਣ ਲੱਗੀ !
ਰੀਲ ਦੀ ਬਣੀ ਰੇਲ ਮਨ-ਮਰਜੀ ਨਾਲ
ਰੋਜਾਨਾ ਸਭ ਨੂੰ ,ਉੱਗਲਾਂ ਤੇ
ਦਿਨ-ਰਾਤ ਬੁਰਾ ਨਚਾਉਂਣ ਲੱਗੀ !
ਫਾਇਦਾ ਚੁੱਕ ਗਏ ਵਿੱਚੋਂ ਰਮੇ ਹੋਏ ਖਿਡਾਰੀ
ਸਾਰਾ,ਜੰਤਾ ਖਾਲੀ ਹੱਥ ਬਹਿ ਕੁਰਲਾਉਂਣ
ਲੱਗੀ !
ਮਿਹਨਤ ਮਿਟੀ ਹੋਈ ਖਾਬ ਜਿਆਦਾ ਤਰ
ਘੱਟੇ ਰੁਲ ਗਏ,ਜਿੰਦ ਕੱਲੀ ਬਹਿ ਤੜ
ਅੰਦਰ ਪਛੁਤਾਉਂਣ ਲੱਗੀ !
ਰਣਜੀਤ ਸਾਦਗੀ ਮਿਲ ਸਬਰ ਨਾ ਐ
ਜੋ ਕਰੇ ਸਲਾਹਾਂ, ਕਿ ਲੱਗਦਾ ਮੁੜ ਤੋਂ,ਚਾਨਣ
ਫੈਲਾਉਂਣ ਲੱਗੀ !
ਪਰਦੇ ਤੋਂ ਪਰਦਾ ਕੀ ਉੱਠਿਆ ਇਸ ਦੀ
ਅਸਲੀਅਤ ਸਾਹਮਣੇ, ਸਾਰਿਆ ਦੇ
ਖੁਦ-ਬਖੁਦ ਆਉਂਣ ਲੱਗੀ ! ਲੇਖਕ :
ਰਣਜੀਤ ਕੌਰ ਟੂਰਾਂਟੋ।

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਸਾਹਿਤ ਦੇ ਪ੍ਰੋਗਰਾਮਾਂ ਵਿੱਚ ਜਿੰਨਾ ਨਿੱਘ ਹੈ ਉਹ ਕਿਤੇ ਵੀ ਨਹੀਂ।




ਸਾਹਿਤ ਦੇ ਪ੍ਰੋਗਰਾਮਾਂ ਵਿੱਚ ਜਿੰਨਾ ਨਿੱਘ ਹੈ ਉਹ ਕਿਤੇ ਵੀ ਨਹੀਂ। ਸਾਹਿਤ ਸਭਾ ਦੇ ਮੰਚ ਤੇ ਜਾਣਾ ਬਹੁਤ ਹੀ ਵੱਡਾ ਸੁਭਾਗ ਮੰਨਦੀ ਹਾਂ। ਮੈਂ ਬਹੁਤ ਸ਼ੁਕਰਗੁਜ਼ਾਰ ਹਾਂ "ਸਿਰਜਣਾ ਅਤੇ ਸੰਵਾਦ ਸਾਹਿਤ ਸਭਾ" ਮੋਗਾ ਦੀ, ਜਿਨ੍ਹਾਂ ਨੇ ਮੈਨੂੰ ਆਪਣੇ ਮੰਚ ਤੇ ਸੱਦਾ ਦਿੱਤਾ। ਮੇਰੇ ਲਈ ਯਾਦਗਾਰ ਦਿਨ ਸੀ, ਪਿਆਰਾ ਸੀ, ਅਪਣੱਤ ਭਰਿਆ ਸੀ।

## ਹਰਜੀਤ ਸਿੰਘ ਸੰਧੂ ਅਤੇ ਮਨਜੀਤ ਕੌਰ ਮੀਸ਼ਾ ਦੀਆਂ ਦੋ ਪੁਸਤਕਾਂ,ਕਾਵਿ ਸੰਗ੍ਰਹਿ ਤੇ ਗ਼ਜ਼ਲ ਸੰਗ੍ਰਹਿ ਨੂੰ ਸਨਮਾਨਿਤ ਕੀਤਾ ।





ਅੱਜ ਏਕਮ ਸਾਹਿਤ ਮੰਚ ਅੰਮ੍ਰਿਤਸਰ ਵੱਲੋਂ ਹਰਜੀਤ ਸਿੰਘ ਸੰਧੂ ਅਤੇ ਮਨਜੀਤ ਕੌਰ ਮੀਸ਼ਾ ਹੁਰਾਂ ਦੀਆਂ ਪਲੇਠੀ ਦੀਆਂ ਵੱਖੋ ਵੱਖ ਦੋ ਪੁਸਤਕਾਂ,ਕਾਵਿ ਸੰਗ੍ਰਹਿ ਤੇ ਗ਼ਜ਼ਲ ਸੰਗ੍ਰਹਿ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ 'ਤੇ ਪੰਜਾਬੀ ਦੀਆਂ ਵੱਖ ਵੱਖ ਵੰਨਗੀਆਂ ਦੇ ਲੇਖਕ, ਦੂਰਦਰਸ਼ਨ ਜਲੰਧਰ ਦੇ ਸਾਬਕਾ ਨਿਰਦੇਸ਼ਕ ਅਤੇ ਨਿੱਘੇ ਮਨੁੱਖ ਡਾ: ਲਖਵਿੰਦਰ ਸਿੰਘ ਜੌਹਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, 'ਏਕਮ' ਦੇ ਸੰਪਾਦਕ ਅਤੇ ਏਕਮ ਸਾਹਿਤ ਮੰਚ ਦੇ ਸੰਚਾਲਕ ਮੈਡਮ ਅਰਤਿੰਦਰ ਸੰਧੂ , ਉਨ੍ਹਾਂ ਦੇ ਪਤੀ ਸ੍ਰ ਰਾਜ ਖੁਸ਼ਵੰਤ ਸਿੰਘ ਸੰਧੂ , ਫਿਲਮ ਅਤੇ ਸਟੇਜ ਦੀਆਂ ਦੋ ਉੱਘੀਆਂ ਸ਼ਖ਼ਸੀਅਤਾਂ, ਸ਼੍ਰੀ ਸੁਰਿੰਦਰ ਫ਼ਰਿਸ਼ਤਾ ਉਰਫ਼ ਘੁੱਲੇ ਸ਼ਾਹ ਅਤੇ ਅਰਵਿੰਦਰ ਸਿੰਘ ਭੱਟੀ ਤੋਂ ਇਲਾਵਾ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਾਬਕਾ ਪ੍ਰਿੰਸੀਪਲ ਮੈਡਮ ਡਾ: ਮਾਹਲ ਵੀ ਸ਼ਾਮਲ ਹੋਏ।

ਇਸ ਯਾਦਗਾਰੀ ਸਮਾਰੋਹ ਵਿੱਚ ਸ਼ਿਰਕਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਸਮਾਗਮ ਸਮੇਂ ਦੀਆਂ ਕੁੱਝ ਯਾਦਗਾਰੀ ਤਸਵੀਰਾਂ।

ਲੇਖਕ :ਬਰਕਤ ਸਿੰਘ ਵੋਹਰਾ।


## ਅਸੀਂ ਜਨਾਨੀਆਂ ਵੀ ਬੰਦਿਆ ਨੂੰ ਕਿਸੇ ਪਾਸੇ ਨਹੀਂ ਟਿਕਣ ਦਿੰਦੀਆਂ



ਅਸੀਂ ਜਨਾਨੀਆਂ ਵੀ ਬੰਦਿਆ ਨੂੰ ਕਿਸੇ ਪਾਸੇ ਨਹੀਂ ਟਿਕਣ ਦਿੰਦੀਆਂ
ਪਹਿਲਾ ਅਸੀਂ ਚਾਹੁੰਦੀਆਂ ਸਾਡਾ ਪਤੀ ਸਾਡੇ ਤੇ ਮਰੇ,,,,
ਜੇ ਉਹ ਸਾਡੇ ਤੇ ਮਰਦਾ ਫਿਰ ਅਸੀਂ ਕਹਿੰਦੀਆ ਪਰ੍ਹਾ ਜਾ ਕੇ ਮਰ
ਜੇ ਫਿਰ ਉਹ ਪਰ੍ਹਾ ਜਾ ਕੇ ਮਰਦਾ,,,,
ਫਿਰ ਅਸੀਂ ਕਹਿੰਦੀਆ,,
ਕਿੱਥੇ ਮਰ ਗਿਆ,,,
ਘਰ ਆ,,,,,
ਵਿਚਾਰੇ ਪਤੀ 😂

ਰਮਨ ✍🏻

## ਆਹ ਜਿਹੜਾ ਲੰਬੂ ਆ ਨਾ, ਸਾਡੇ ਸਾਰਿਆਂ ਤੋਂ ਛੋਟਾ,




ਆਹ ਜਿਹੜਾ ਲੰਬੂ ਆ ਨਾ, ਸਾਡੇ ਸਾਰਿਆਂ ਤੋਂ ਛੋਟਾ, ਤੇ ਮੈਂ ਸਭ ਤੋਂ ਵੱਡੀ 😊 ।
ਸਬੱਬੀ ਇਕੱਠੇ ਹੋਇਆ ਜਾਂਦਾ ਸਾਰੇ ਭੈਣ ਭਰਾਵਾਂ ਤੋਂ, ਮੈਨੂੰ ਇਹਨਾਂ ਦਾ ਪਿਆਰ ਮਿਲਦਾ ਰਹੇ ਕਿਉਂ ਕਿ ਇਸ ਮਾਮਲੇ ਵਿੱਚ ਮੈਂ ਭੁੱਖੜ ਹਾਂ ❤️

**(ਕਲਮ ਦੀ ਤਾਕਤ)** ਜਿੰਨੀ ਦੇਰ ਤੱਕ ਤੁਸੀਂ ਦੁਨੀਆ ਨੂੰ ਕੁੱਝ ਬਣਕੇ ਨਹੀਂ ਵਿਖਾਉਂਦੇ ਓਨੀ ਦੇਰ ਤੱਕ ਗੱਲਾਂ ਨਾਲ ਤੁਸੀਂ ਬੈਠੇ ਪਹਾੜ ਤੋਲੀ ਜਾਓ ਕੋਈ ਫ਼ਾਇਦਾ ਨਹੀਂ ਹੋਣਾ

# "ਜੋ ਲੋਕ ਤੁਹਾਨੂੰ ਕਮਜ਼ੋਰ ਸਮਝਦੇ ਹਨ, ਉਹਨਾਂ ਨੂੰ ਆਪਣੀ ਮਿਹਨਤ ਨਾਲ ਜੁਆਬ ਦਿਓ ਕਿਉਂਕਿ ਸ਼ਬਦ ਨਹੀਂ ਕੰਮ ਹੀ ਅਸਲੀ ਪਛਾਣ ਬਣਾਉਂਦਾ ਹੈ"।

"ਜੋ ਲੋਕ ਤੁਹਾਨੂੰ ਕਮਜ਼ੋਰ ਸਮਝਦੇ ਹਨ, ਉਹਨਾਂ ਨੂੰ ਆਪਣੀ ਮਿਹਨਤ ਨਾਲ ਜੁਆਬ ਦਿਓ ਕਿਉਂਕਿ ਸ਼ਬਦ ਨਹੀਂ ਕੰਮ ਹੀ ਅਸਲੀ ਪਛਾਣ ਬਣਾਉਂਦਾ ਹੈ"। ਕਹਿਣ ਦਾ ਭਾਵ ਕਿ ਜਿੰਨੀ ਦੇਰ ਤੱਕ ਤੁਸੀਂ ਦੁਨੀਆ ਨੂੰ ਕੁੱਝ ਬਣਕੇ ਨਹੀਂ ਵਿਖਾਉਂਦੇ ਓਨੀ ਦੇਰ ਤੱਕ ਗੱਲਾਂ ਨਾਲ ਤੁਸੀਂ ਬੈਠੇ ਪਹਾੜ ਤੋਲੀ ਜਾਓ ਕੋਈ ਫ਼ਾਇਦਾ ਨਹੀਂ ਹੋਣਾ ,ਲੋਕ ਗੱਲਾਂ ਨਾਲ ਨਹੀਂ ਤੁਹਾਡੇ ਕੰਮ ਅਤੇ ਉਸ ਕੰਮ ਦੇ ਨਤੀਜੇ ਨੂੰ ਦੇਖਦੇ ਹਨ। ਸੋ ਮਿਹਨਤ ਕਰੋ ਅਤੇ ਜ਼ਿੰਦਗੀ ਵਿੱਚ ਇੱਕ ਚੰਗੇ ਮੁਕਾਮ ਤੇ ਪਹੁੰਚੋ ਫਿਰ ਹੀ ਸਮਾਜ ਵਿੱਚ ਤੁਹਾਡੀ ਇੱਜ਼ਤ ਅਤੇ ਸਨਮਾਨ ਵਧੇਗਾ । ਤੁਸੀਂ ਵੇਖਿਆ ਹੋਣਾ ਕੁੱਝ ਲੋਕਾਂ ਨੂੰ ਗੱਪਾਂ ਮਾਰਨ ਦੀ ਬਹੁਤ ਆਦਤ ਹੁੰਦੀ ਹੈ ਕਿ ਮੈਂ ਇੰਝ ਕਰ ਦੇਣਾ ਮੈਂ ਉਝ ਕਰ ਦੇਣਾ ,ਮੈਂ ਆਹ ਕੰਮ ਕਰਨ ਦਾ ਪਲਾਨ ਕਰ ਰਿਹਾ ਅੱਗੇ ਜਾਕੇ ਮੈਂ ਇਸਤੋਂ ਏਨਾ ਪੈਸਾ ਕਮਾਉਣਾ , ਪਹਿਲੀ ਗੱਲ ਤੇ ਜਿਨ੍ਹਾਂ ਨੇ ਕੁੱਝ ਕਰਕੇ ਵਖਾਉਣਾ ਹੁੰਦਾ ਓਹ ਕਦੀ ਆਪਣੇ ਇਰਾਦੇ ਆਪਣੇ ਭਵਿੱਖ ਦੀਆਂ ਯੋਜਨਾਵਾਂ (ਪਲਾਨ )ਲੋਕਾਂ ਵਿੱਚ ਬੈਠ ਕੇ ਗੱਪਾਂ ਮਾਰ ਮਾਰ ਨਹੀਂ ਦੱਸਦੇ ,ਓਹ ਪਹਿਲਾਂ ਚੁੱਪਚਾਪ ਯੋਜਨਾ ਬਣਾਉਂਦੇ ਹਨ ਅਤੇ ਫਿਰ ਕੁੱਝ ਕਰਕੇ ਦੁਨੀਆ ਨੂੰ ਵਿਖਾਉਂਦੇ ਹਨ ਅਤੇ ਜਿਹੜੇ ਫੋਕੀਆਂ ਫੜ੍ਹਾਂ ਮਾਰਦੇ ਹਨ ਓਹ ਨਿਰੇ ਲਿਫ਼ਾਫੇ ਹੀ ਹੁੰਦੇ ਹਨ ਫੂਕ ਮਾਰਿਆਂ ਉੱਡ ਜਾਣ ਵਾਲੇ ਓਹਨਾਂ ਦੀਆਂ ਗੱਪਾਂ ਅਤੇ ਫੜ੍ਹਾਂ ਤੋਂ ਲੋਕ ਉਹਨਾਂ ਦੇ ਲਾਗੇ ਬੈਠਣ ਤੋਂ ਵੀ ਡਰਨ ਲੱਗ ਜਾਂਦੇ ਹਨ ਅਤੇ ਪਿੱਠ ਪਿੱਛੇ ਇਹੋ ਜੇਹਿਆਂ ਤੇ ਹੱਸਦੇ ਵੀ ਹਨ, ਕਹਿਣ ਦਾ ਭਾਵ ਮਿਹਨਤ ਨਾਲ ਕਿਸੇ ਮੁਕਾਮ ਤੇ ਪਹੁੰਚਣ ਵਾਲੇ ਲੋਕਾਂ ਨੂੰ ਕਿਸੇ ਨੂੰ ਆਪਣੀ ਪਛਾਣ ਦੱਸਣ ਦੀ ਲੋੜ ਨਹੀਂ ਹੁੰਦੀ ,ਓਹਨਾਂ ਦਾ ਕੰਮ ਓਹਨਾਂ ਦੀ ਪਛਾਣ ਹੁੰਦੀ ਹੈ ਅਤੇ ਸਮਾਜ ਵਿੱਚ ਇਹੋ ਜਿਹੇ ਲੋਕਾਂ ਨੂੰ ਸਨਮਾਨ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ ਵਿਹਲੇ ਬੈਠੇ ਗੱਪਾਂ ਮਾਰਨ ਵਾਲਿਆਂ ਤੋਂ ਲੋਕ ਚੰਗੀ ਤਰ੍ਹਾਂ ਵਾਕਬ ਹੁੰਦੇ ਹਨ ਅਤੇ ਉਹਨਾਂ ਨੂੰ ਵੇਖਕੇ ਕੰਨੀ ਕਤਰਾਉਣ ਲੱਗ ਜਾਂਦੇ ਹਨ ।ਸਿਆਣੇ ਕਹਿੰਦੇ ਹਨ ਫ਼ਸਲ ਮੀਂਹ ਪੈਣ ਨਾਲ ਵੱਧਦੀ ਫੁੱਲਦੀ ਹੈ ,



ਬੱਦਲਾਂ ਦੇ ਗਰਜਣ ਨਾਲ ਫ਼ਸਲ ਨੂੰ ਕੋਈ ਫ਼ਾਇਦਾ ਨਹੀਂ ਹੁੰਦਾ ,ਇਸੇ ਤਰ੍ਹਾਂ ਕੰਮ ਦੇ ਨਤੀਜੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਨਾਂ ਨਿਰੀਆਂ ਗੱਲਾਂ ਨਾਲ ਸਾਰਨਾ।

✍️ ਹਰਵਿੰਦਰ ਕੌਰ ਕਾਹਲੋਂ

# (ਫ਼ਰੀਦਕੋਟ) ਮੇਰੇ ਦਿਲ ਦਾ ਕਰਜ਼ਾਈ ਸ਼ਹਿਰ ਹੈ,ਇਸ ਸ਼ਹਿਰ ਨਾਲ ਨਾਤਾ ਉਹਨਾਂ ਦਿਨਾਂ ਦਾ ਹੈ ........

## ਜਿਨ੍ਹਾਂ ਦਿਨਾਂ ਵਿੱਚ ਬਚਪਨ ਦੇ ਕੱਪੜੇ ਤੰਗ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਜਵਾਨੀ ਦਾ ਲਿਬਾਸ ਹਾਲੇ ਖੁੱਲ੍ਹਾ ਖੁੱਲ੍ਹਾ ਲੱਗਦਾ ਹੈ






ਫ਼ਰੀਦਕੋਟ
ਮੇਰੇ ਦਿਲ ਦਾ ਕਰਜ਼ਾਈ ਸ਼ਹਿਰ ਹੈ
ਇਸ ਸ਼ਹਿਰ ਨਾਲ ਨਾਤਾ ਉਹਨਾਂ ਦਿਨਾਂ ਦਾ ਹੈ
ਜਿਨ੍ਹਾਂ ਦਿਨਾਂ ਵਿੱਚ
ਬਚਪਨ ਦੇ ਕੱਪੜੇ ਤੰਗ ਹੋਣੇ ਸ਼ੁਰੂ ਹੋ ਜਾਂਦੇ ਹਨ
ਅਤੇ ਜਵਾਨੀ ਦਾ ਲਿਬਾਸ ਹਾਲੇ ਖੁੱਲ੍ਹਾ ਖੁੱਲ੍ਹਾ ਲੱਗਦਾ ਹੈ
ਸ਼ਬਦਾਂ ਦੀ ਦਾਤ ਵੀ
ਇਸੇ ਸ਼ਹਿਰ ਵਿੱਚ ਮਿਲੀ ਸੀ
ਆਖਰ ਪੰਜਾਬੀ ਦੇ ਆਦਿ ਕਵੀ ਬਾਬਾ ਫ਼ਰੀਦ ਜੀ ਦੇ
ਚਰਨ ਛੋਹ ਨਾਲ ਵਰੋਸਾਈ ਧਰਤੀ ਹੈ
ਜਿਸ ਦੀ ਤਾਸੀਰ ਵਿੱਚ ਸ਼ਾਇਰੀ ਹੈ.......

ਬੀਤੇ ਦਿਨੀਂ ਪੰਡਿਤ ਚੇਤਨ ਦੇਵ ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਿੰਸੀਪਲ Dr-Rajesh Mohan ਦਾ ਸੱਦਾ ਆਇਆ ਸੀ
ਉਹਨਾਂ ਦੀ ਸੰਸਥਾ " ਸੁਰ ਆਂਗਣ " ਵੱਲੋਂ ਦੋ ਭਾਸ਼ੀ ਮੁਸ਼ਾਇਰਾ ਬਾ ਉਨਵਾਨ "ਬਜ਼ਮ ਏ ਸ਼ਿਅਰ ਓ ਤਰਬ "ਸੀ। Vijay Vivek , Musavvir Firozpuri , Parmod Qaafir , Manjit Puri , Surinder Singh Batala a Satish Bedaag , ਅਤੇ mumbai ਤੋਂ ਆਈ ਸ਼ਾਇਰਾ ruchi darolia ਸਮੇਤ ਮੈਂ ਵੀ ਇਸ ਮੁਸ਼ਾਇਰੇ ਦਾ ਹਿੱਸਾ ਸੀ।
ਡਾ. ਰਾਜੇਸ਼ ਮੋਹਨ ਦੇ ਵਿਦਿਆਰਥੀਆਂ ਦਾ ਗਾਇਨ ਕਮਾਲ ਦਾ ਸੀ।
ਇੱਕ ਗੱਲ ਜੋ ਮੇਰੇ ਲਈ ਸਭ ਤੋਂ ਮਹੱਤਵਪੂਰਨ ਹੈ ਕਿ ਇਸੇ ਕਾਲਜ ਵਿੱਚ ਮੈਂ 1986 ਵਿੱਚ ਆਪਣੀ ਜ਼ਿੰਦਗੀ ਦਾ ਪਹਿਲਾ ਕਵੀ ਦਰਬਾਰ ਪੜ੍ਹਿਆ ਸੀ।
ਇਸ ਕਾਲਜ ਦੇ ਮੁਸ਼ਾਇਰੇ ਵਿੱਚ ਕਵਿਤਾ ਪੜ੍ਹ ਕੇ ਬੜਾ ਚੰਗਾ ਚੰਗਾ ਲੱਗ ਰਿਹਾ ਸੀ
ਬਹੁਤ ਸ਼ੁਕਰੀਆਂ ਡਾ ਰਾਜੇਸ਼ ਮੋਹਨ
ਲੇਖਕ : ਹਰਮੀਤ ਵਿਦਿਆਰਥੀ।

# ਜੰਡਿਆਲਾ ਕਾਲਜ ਵਿਚ ਪੜ੍ਹਦਿਆਂ ਜਦੋਂ ਮੈਂ ਨਿੱਕੀਆਂ ਮੋਟੀਆਂ ਕਵਿਤਾਵਾਂ



ਜੰਡਿਆਲਾ ਕਾਲਜ ਵਿਚ ਪੜ੍ਹਦਿਆਂ ਜਦੋਂ ਮੈਂ ਨਿੱਕੀਆਂ ਮੋਟੀਆਂ ਕਵਿਤਾਵਾਂ ਜੋੜਨ ਲੱਗ ਪਿਆ ਤਾਂ ਇਕ ਦਿਨ ਮੈਂ ਬਹੁਤ ਹਿੰਮਤ ਜੁਟਾ ਕੇ ਆਪਣੇ ਪੰਜਾਬੀ ਵਾਲੇ ਪ੍ਰੋਫ਼ੈਸਰ ਡਾਕਟਰ ਰਘਬੀਰ ਸਿੰਘ ਸਿਰਜਣਾ ਨੂੰ ਆਪਣੀ ਲਿਖੀ ਇਕ ਕਵਿਤਾ ਦਿਖਾਉਣ ਵਿੱਚ ਕਾਮਯਾਬ ਹੋ ਗਿਆ। ਇਹ ਕਵਿਤਾ ਇਸ ਤਰ੍ਹਾਂ ਸ਼ੁਰੂ ਹੁੰਦੀ ਸੀ :-

ਕਿਸ ਤਰ੍ਹਾਂ ਦਾ ਹੈ
ਇਹ ਤੇਰਾ ਫ਼ਲਸਫ਼ਾ?
ਕਿਸ ਤਰ੍ਹਾਂ ਦਾ ਹੈ
ਇਹ ਮੇਰਾ ਫ਼ਲਸਫ਼ਾ?
ਰੋਟੀ ਦੀ ਇਕ ਬੁਰਕੀ
ਸਿਰਫ਼ ਜ਼ਰੂਰਤ ਮੇਰੀ
ਗੋਲੀ ਇਕ ਬੰਦੂਕ ਦੀ
ਔਕਾਤ ਹੈ ਤੇਰੀ...

ਡਾ. ਰਘਬੀਰ ਸਿੰਘ ਨੇ ਮੈਨੂੰ ਸ਼ਾਬਾਸ਼ ਦਿੱਤੀ... ਤੇ ਫੇਰ ਇਹ ਕਵਿਤਾ ਕਾਲਜ ਦੇ ਮੈਗਜ਼ੀਨ 'ਬਾਜ਼' ਵਿੱਚ ਛਾਪ ਦਿੱਤੀ ਗਈ। ਕਿਸੇ ਰਸਾਲੇ ਵਿੱਚ ਛਪਣ ਵਾਲੀ ਇਹ ਮੇਰੀ ਪਹਿਲੀ ਕਵਿਤਾ ਸੀ.. ਤੇ ਫੇਰ ਬਾਵਾ ਬਲਵੰਤ ਦੀ ਕਾਵਿ-ਕਲਾ 'ਤੇ ਮੈਂ ਇਕ ਲੇਖ ਵੀ ਲਿਖ ਮਾਰਿਆ। ਉਹ ਵੀ 'ਬਾਜ਼' ਵਿੱਚ ਛਾਪ ਦਿੱਤਾ ਗਿਆ। ਕਿਸੇ ਰਸਾਲੇ ਵਿੱਚ ਛਪਿਆ ਇਹ ਵੀ ਮੇਰਾ ਪਹਿਲਾ ਆਲੋਚਨਾ ਅਭਿਆਸ ਸੀ...

-ਲਖਵਿੰਦਰ ਜੌਹਲ "ਹਾਜ਼ਰ-ਗ਼ੈਰ-ਹਾਜ਼ਿਰ" ਵਿੱਚੋਂ

## (ਕਲਮ ਦੀ ਤਾਕਤ) ਮੌਜੂਦਾ ਡਿਜੀਟਲ ਯੁੱਗ ਵਿੱਚ ਮੋਬਾਈਲ ਫੋਨ, ਇੰਟਰਨੈੱਟ ਅਤੇ ਆਨਲਾਈਨ ਪਲੈਟਫਾਰਮਾਂ ਨੇ ਮਨੁੱਖੀ ਜੀਵਨ ਨੂੰ ਬੇਹੱਦ ਸੁਖਾਲਾ ਬਣਾ ਦਿੱਤਾ ਹੈ

# ਮੋਬਾਈਲ ਸਕਰੀਨ ਦੀ ਕੈਦ 'ਚ ਬਚਪਨ (ਰਾਜ ਕੁਮਾਰ ਖੰਨਾ )



ਮੌਜੂਦਾ ਡਿਜੀਟਲ ਯੁੱਗ ਵਿੱਚ ਮੋਬਾਈਲ ਫੋਨ, ਇੰਟਰਨੈੱਟ ਅਤੇ ਆਨਲਾਈਨ ਪਲੈਟਫਾਰਮਾਂ ਨੇ ਮਨੁੱਖੀ ਜੀਵਨ ਨੂੰ ਬੇਹੱਦ ਸੁਖਾਲਾ ਬਣਾ ਦਿੱਤਾ ਹੈ। ਭਾਵੇਂ ਇੱਕ ਪਾਸੇ ਅਜਿਹੇ ਸਾਧਨ ਜਾਣਕਾਰੀ, ਸਿੱਖਿਆ, ਰੁਜ਼ਗਾਰ ਅਤੇ ਸੰਚਾਰ ਦੇ ਨਵੇਂ ਰਾਹ ਖੋਲ੍ਹਦੇ ਹਨ, ਪਰ ਦੂਜੇ ਪਾਸੇ ਇਨ੍ਹਾਂ ਦੀ ਬੇਲਗਾਮ ਵਰਤੋਂ ਸਾਡੇ ਸੱਭਿਅਕ ਸਮਾਜ ਲਈ ਗੰਭੀਰ ਚੁਣੌਤੀ ਬਣਦੀ ਜਾ ਰਹੀ ਹੈ। ਇਸ ਵਰਚੁਅਲ ਪਲੈਟਫਾਰਮ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੀ ਹੈ ਸਾਡੀ ਭਵਿੱਖੀ ਪੀੜ੍ਹੀ ਯਾਨੀ ਬੱਚੇ ਅਤੇ ਅੱਲ੍ਹੜ ਉਮਰ ਦੇ ਬੱਚੇ।

ਅੱਜ ਜਿਸ ਪਾਸੇ ਵੀ ਨਜ਼ਰ ਮਾਰਦੇ ਹਾਂ, ਬੱਚੇ ਦੇ ਹੱਥ ਵਿੱਚ ਮੋਬਾਈਲ ਆਮ ਦੇਖਿਆ ਜਾ ਸਕਦਾ ਹੈ। ਮਾਪਿਆਂ ਵਿਚਾਲੇ ਆਪਸੀ ਗੱਲਬਾਤ ਦਾ ਵਿਸ਼ਾ ਵੀ ਇਹੀ ਹੈ ਕਿ ਉਨ੍ਹਾਂ ਦਾ ਬੱਚਾ ਸਾਰਾ ਦਿਨ ਮੋਬਾਈਲ ਸਕਰੀਨ ਨਾਲ ਜੁੜਿਆ ਰਹਿੰਦਾ ਹੈ। ਬੱਚਾ ਪਰੰਪਰਾਗਤ ਖੇਡਾਂ ਜਾਂ ਖਿਡੌਣਿਆਂ ਦੀ ਥਾਂ ਮੋਬਾਈਲ ਉੱਤੇ ਖੇਡਣਾ ਜ਼ਿਆਦਾ ਪਸੰਦ ਕਰ ਰਿਹਾ ਹੈ। ਖੇਡ ਮੈਦਾਨਾਂ ਵਿੱਚ ਸੰਨਾਟਾ ਪਸਰਿਆ ਦਿਖਾਈ ਦਿੰਦਾ ਹੈ, ਬੱਚਿਆਂ ਲਈ ਆਨਲਾਈਨ ਗੇਮਾਂ ਹੀ ਖੇਡ ਦਾ ਮੈਦਾਨ ਹਨ। ਅੱਲ੍ਹੜ ਉਮਰ (13 ਤੋਂ 16 ਸਾਲ) ਜਿਹੜੀ ਬੱਚੇ ਦੀ ਸ਼ਖ਼ਸੀਅਤ ਅਤੇ ਮਾਨਸਿਕ ਵਿਕਾਸ ਦਾ ਸਭ ਤੋਂ ਮਹੱਤਵਪੂਰਨ ਤੇ ਸੰਵੇਦਨਸ਼ੀਲ ਦੌਰ ਹੁੰਦੀ ਹੈ, ਉਸ ਸਮੇਂ ਬੱਚਾ ਵਰਚੁਅਲ ਦੁਨੀਆ ਵਿੱਚ ਖੋ ਜਾਂਦਾ ਹੈ। ਨਤੀਜਾ ਬੱਚੇ ਅਸਲ ਹਾਲਤਾਂ ਤੋਂ ਦੂਰ ਵੱਖਰੀ ਕਲਪਨਾਤਮਕ ਦੁਨੀਆ ਵਿੱਚ ਜੀਵਨ ਬਤੀਤ ਕਰ ਰਹੇ ਹਨ।

ਕਰੋਨਾ ਮਹਾਂਮਾਰੀ ਕਾਲ ਦੌਰਾਨ ਸਕੂਲਾਂ ਦੇ ਬੰਦ ਹੋਣ ਕਰਕੇ ਬੱਚਿਆਂ ਦਾ ਮੋਬਾਈਲ ਸਕਰੀਨ ਉੱਤੇ ਟਾਈਮ ਵਿੱਚ ਵਾਧਾ ਹੋਇਆ। ਆਨਲਾਈਨ ਕਲਾਸਾਂ ਨੇ ਬੱਚਿਆਂ ਦੇ ਹੱਥ ਮੋਬਾਈਲ, ਟੈਬਲੈਟ ਅਤੇ ਲੈਪਟਾਪ ਫੜਾ ਦਿੱਤੇ। ਭਾਵੇਂ ਸ਼ੁਰੂ ਵਿੱਚ ਇਹ ਸਮੇਂ ਦੀ ਲੋੜ ਸੀ, ਪਰ ਦੇਖਦੇ ਹੀ ਦੇਖਦੇ ਇਹ ਆਦਤ ਅਤੇ ਫਿਰ ਲਤ ਬਣ ਗਈ। ਭਾਵੇਂ ਕਰੋਨਾ ਮਹਾਂਮਾਰੀ ਚਲੀ ਗਈ, ਪਰ ਇਹ ਮੋਬਾਈਲ ਨਾਮ ਦੀ ਬਿਮਾਰੀ ਪੈਦਾ ਕਰ ਗਈ, ਜਿਸ ਦੀ ਵਰਤੋਂ ਸਕੂਲਾਂ ਵਿੱਚ ਅਜੇ ਵੀ ਕੀਤੀ ਜਾ ਰਹੀ ਹੈ। ਬੱਚੇ ਹੁਣ ਕਿਤਾਬਾਂ ਦੇ ਨਾਲ ਮੋਬਾਈਲ ਵੀ ਕੋਲ ਰੱਖ ਕੇ ਪੜ੍ਹ ਰਹੇ ਹਨ। ਬੱਚਿਆਂ ਦਾ ਦੇਰ ਰਾਤ ਤੱਕ ਮੋਬਾਈਲ ਉੱਤੇ ਆਨਲਾਈਨ ਰਹਿਣਾ, ਜਿੱਥੇ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਕਮਜ਼ੋਰ ਕਰ ਰਿਹਾ ਹੈ, ਉੱਥੇ ਸੁਨਹਿਰੀ ਭਵਿੱਖ ਨੂੰ ਵੀ ਖ਼ਤਰੇ ਵਿੱਚ ਪਾ ਰਿਹਾ ਹੈ। ਅੱਜ ਦੇ ਬੱਚਿਆਂ ਵਿੱਚ ਬੇਸਬਰੀ, ਅਸਹਿਣਸ਼ੀਲਤਾ, ਗੁਸੈਲ ਸੁਭਾਅ ਮੋਬਾਈਲ ਦਾ ਹੀ ਨਤੀਜਾ ਹੈ। ਉਹ ਪੜ੍ਹਾਈ ਤੋਂ ਪੂਰੀ ਤਰ੍ਹਾਂ ਹਟਦੇ ਜਾ ਰਹੇ ਹਨ, ਜੋ ਚਿੰਤਾ ਦਾ ਵਿਸ਼ਾ ਹੈ।

ਇਸ ਗੱਲ ਨੂੰ ਸਮਝਣਾ ਜ਼ਰੂਰੀ ਹੈ ਕਿ ਬੱਚੇ ਆਨਲਾਈਨ ਗੇਮਾਂ ਵੱਲ ਕਿਉਂ ਖਿੱਚੇ ਜਾਂਦੇ ਹਨ? ਗੇਮਾਂ ਵਿੱਚ ਰੰਗੀਨ ਗ੍ਰਾਫਿਕਸ, ਰੁਮਾਂਚਕਾਰੀ ਪੜਾਅ, ਇਨਾਮ ਅਤੇ ਤੁਰੰਤ ਪ੍ਰਤੀਕਿਰਿਆ ਬੱਚਿਆਂ ਨੂੰ ਆਕਰਸ਼ਿਤ ਕਰਦੇ ਹਨ। ਕਈ ਗੇਮਾਂ ਇਸ ਤਰ੍ਹਾਂ ਬਣਾਈਆਂ ਜਾਂਦੀਆਂ ਹਨ ਕਿ ਖੇਡਣ ਵਾਲੇ ਵੱਧ ਤੋਂ ਵੱਧ ਸਮਾਂ ਉਨ੍ਹਾਂ ਨਾਲ ਬਿਤਾਏ। ਇਹ ਮਨੋਵਿਗਿਆਨਕ ਪੱਖੋਂ ਬੱਚਿਆਂ ਦੇ ਕੋਮਲ ਮਨ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਉਹ ਹੌਲੀ-ਹੌਲੀ ਇਸ ਦੇ ਆਦੀ ਬਣ ਜਾਂਦੇ ਹਨ।

ਆਨਲਾਈਨ ਗੇਮਾਂ ਬੱਚਿਆਂ ਨੂੰ ਤੁਰੰਤ ਰੁਮਾਂਚ ਭਰਪੂਰ ਅਤੇ ਕਾਮਯਾਬੀ ਦਾ ਅਹਿਸਾਸ ਦਿੰਦੀਆਂ ਹਨ। ਜਦੋਂ ਬੱਚਾ ਗੇਮ ਦੇ ਪੜਾਅ ਨੂੰ ਪਾਰ ਕਰ ਲੈਂਦਾ ਹੈ ਤਾਂ ਉਸ ਸਮੇਂ ਮਿਲਣ ਵਾਲੀ ਖੁਸ਼ੀ ਉਸ ਦੇ ਮਨ 'ਤੇ ਡੂੰਘਾ ਪ੍ਰਭਾਵ ਛੱਡਦੀ ਹੈ, ਪ੍ਰੰਤੂ ਜਦੋਂ ਇਹ ਗੇਮਾਂ ਹਾਰ-ਜਿੱਤ, ਹਿੰਸਾ ਅਤੇ ਖ਼ਤਰਨਾਕ ਚੈਲੰਜ ਨਾਲ ਜੁੜ ਜਾਂਦੀਆਂ ਹਨ ਤਾਂ ਇਹ ਬੱਚਿਆਂ ਦਾ ਮਾਨਸਿਕ ਸੰਤੁਲਨ ਵਿਗਾੜ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਅੱਜਕੱਲ੍ਹ ਦੇ ਬੱਚੇ ਵਰਚੁਅਲ ਜ਼ਿੰਦਗੀ ਦੇ ਨੇੜੇ ਅਤੇ ਅਸਲ ਜ਼ਿੰਦਗੀ ਤੋਂ ਦੂਰ ਹੁੰਦੇ ਜਾ ਰਹੇ ਹਨ। ਨਤੀਜਾ ਉਨ੍ਹਾਂ ਵਿੱਚ ਚਿੜਚਿੜਾਪਣ, ਬੇਸਬਰੀ, ਜ਼ਿੱਦੀਪਣ, ਹਿੰਸਾਤਮਕ ਰੁਝਾਨ ਪੈਦਾ ਹੋ ਰਿਹਾ ਹੈ, ਜੋ ਨਾ ਸਿਰਫ਼ ਉਨ੍ਹਾਂ ਨੂੰ ਹਨੇਰੇ ਵਿੱਚ ਲੈ ਕੇ ਜਾ ਰਿਹਾ ਹੈ, ਸਗੋਂ ਭਵਿੱਖੀ ਪੀੜ੍ਹੀ ਨੂੰ ਵੀ ਤਬਾਹ ਕਰ ਰਿਹਾ ਹੈ।

ਮਨੋਵਿਗਿਆਨੀ ਇਸ ਗੱਲ ਨੂੰ ਤਸਦੀਕ ਕਰਦੇ ਹਨ ਕਿ ਬੱਚਿਆਂ ਦਾ ਲਗਾਤਾਰ ਮੋਬਾਈਲ ਦੇ ਨਾਲ ਜੁੜੇ ਰਹਿਣਾ, ਉਨ੍ਹਾਂ ਵਿੱਚ ਧਿਆਨ ਦੀ ਘਾਟ, ਇਕਾਂਤਵਾਦ, ਤਣਾਅ ਅਤੇ ਚਿੰਤਾ ਵੱਲ ਧੱਕ ਰਿਹਾ ਹੈ। ਬੱਚੇ ਮਾਪਿਆਂ ਤੋਂ ਦੂਰੀ ਬਣਾ ਰਹੇ ਹਨ ਅਤੇ ਮੋਬਾਈਲ ਅਤੇ ਆਪਣੇ-ਆਪ ਵਿੱਚ ਸੀਮਤ ਹੋ ਰਹੇ ਹਨ। ਮੋਬਾਈਲ ਹੀ ਉਨ੍ਹਾਂ ਦੀ ਦੁਨੀਆ ਬਣ ਰਹੀ ਹੈ। ਨਤੀਜਾ, ਡਿਪ੍ਰੈਸ਼ਨ ਅਤੇ ਸਮਾਜਿਕ ਤਾਣੇ-ਬਾਣੇ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ।

ਕੀ ਇਸ ਸਮੱਸਿਆ ਲਈ ਸਿਰਫ਼ ਬੱਚੇ ਹੀ ਦੋਸ਼ੀ ਹਨ? ਇਹ ਬਿਲਕੁਲ ਗ਼ਲਤ ਹੈ, ਮਾਪੇ ਵੀ ਇਸ ਵਿੱਚ ਬਰਾਬਰ ਦੇ ਦੋਸ਼ੀ ਹਨ। ਅਕਸਰ ਅਸੀਂ ਦੇਖਦੇ ਹਾਂ ਕਿ ਮਾਪੇ ਆਪਣੇ ਬੱਚਿਆਂ ਨੂੰ ਚੁੱਪ ਕਰਵਾਉਣ ਲਈ ਮੋਬਾਈਲ ਫੜਾ ਦਿੰਦੇ ਹਨ। ਭਾਵੇਂ ਕਿ ਸ਼ੁਰੂ ਵਿੱਚ ਇਹ ਸਮੱਸਿਆ ਨਹੀਂ ਜਾਪਦੀ ਸੀ, ਪ੍ਰੰਤੂ ਦੇਖਦੇ ਹੀ ਦੇਖਦੇ ਇਹ ਆਦਤ ਬੱਚੇ ਦੀ ਜ਼ਿੰਦਗੀ 'ਤੇ ਪੂਰੀ ਤਰ੍ਹਾਂ ਭਾਰੀ ਹੋ ਗਈ ਹੈ। ਮਾਪਿਆਂ ਦੀ ਨਿਗਰਾਨੀ ਅਤੇ ਭਾਵਨਾਤਮਕ ਸਾਂਝ ਦੀ ਘਾਟ ਉਨ੍ਹਾਂ ਨੂੰ ਇਸ ਅੰਧਕਾਰ ਵੱਲ ਲੈ ਕੇ ਜਾ ਰਹੀ ਹੈ।

ਵਿੱਦਿਅਕ ਸੰਸਥਾਵਾਂ ਬੱਚਿਆਂ ਅੰਦਰ ਮੋਬਾਈਲ ਦੀ ਲਤ ਨੂੰ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਇਨ੍ਹਾਂ ਸੰਸਥਾਵਾਂ ਦੀ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ-ਨਾਲ ਜੀਵਨ ਦੀਆਂ ਕਦਰਾਂ ਕੀਮਤਾਂ, ਅਨੁਸ਼ਾਸਨ ਅਤੇ ਸੰਤੁਲਿਤ ਡਿਜੀਟਲ ਵਰਤੋਂ ਬਾਰੇ ਜਾਗਰੂਕ ਕਰਨ। ਜੇਕਰ ਅਧਿਆਪਕ ਬੱਚਿਆਂ ਦੇ ਸੁਭਾਅ ਵਿੱਚ ਆ ਰਹੇ ਬਦਲਾਵਾਂ ਨੂੰ ਸਮੇਂ 'ਤੇ ਸਮਝ ਕੇ ਯੋਗ ਮਾਰਗਦਰਸ਼ਨ ਕਰਨ ਤਾਂ ਇਸ ਗੰਭੀਰ ਸਮੱਸਿਆ ਨੂੰ ਸਮੇਂ ਸਿਰ ਨਜਿੱਠਿਆ ਜਾ ਸਕਦਾ ਹੈ।

ਮਾਪਿਆਂ ਅਤੇ ਵਿੱਦਿਅਕ ਸੰਸਥਾਵਾਂ ਦੇ ਨਾਲ-ਨਾਲ ਸਰਕਾਰ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਮੋਬਾਈਲ ਦੇ ਮੁੱਦੇ 'ਤੇ ਗੰਭੀਰ ਹੋਣ ਦੀ ਲੋੜ ਹੈ। ਸਰਕਾਰ ਇਸ ਬਾਬਤ ਡਿਜੀਟਲ ਜਾਗਰੂਕਤਾ ਮੁਹਿੰਮ, ਮਾਪਿਆਂ ਦੀ ਯੋਗ ਅਗਵਾਈ ਅਤੇ ਸਕੂਲ ਪੱਧਰ 'ਤੇ ਵਰਕਸ਼ਾਪਾਂ ਕਰਵਾਉਣ ਨਾਲ ਵੀ ਇਸ ਵਿਰੁੱਧ ਅਭਿਆਨ ਨੂੰ ਹੁਲਾਰਾ ਮਿਲੇਗਾ। ਬੱਚਿਆਂ ਵਿੱਚ ਮੋਬਾਈਲ ਦੇ ਰੁਝਾਨ ਨੂੰ ਘਟਾਉਣ ਦੇ ਨਾਲ-ਨਾਲ ਉਨ੍ਹਾਂ ਲਈ ਖੇਡ ਮੈਦਾਨ, ਚਿੱਤਰਕਾਰੀ, ਮਨੋਰੰਜਨ ਦੇ ਰਵਾਇਤੀ ਸਾਧਨ, ਸੰਗੀਤ ਅਤੇ ਕਿਤਾਬਾਂ ਨਾਲ ਜੁੜਨ ਦੇ ਮੌਕੇ ਵਧਾਏ ਜਾਣ ਤਾਂ ਹੀ ਇਸ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

ਇਸ ਸਮੱਸਿਆ ਦਾ ਹੱਲ ਪਾਬੰਦੀ ਨਹੀਂ, ਸਗੋਂ ਸੰਤੁਲਨ ਹੈ। ਮੋਬਾਈਲ ਆਪਣੇ-ਆਪ ਵਿੱਚ ਮਾੜਾ ਨਹੀਂ। ਅੱਜ ਇਹ ਗਿਆਨ ਅਤੇ ਸੰਚਾਰ ਦਾ ਸਭ ਤੋਂ ਵੱਡਾ ਸੋਮਾ ਬਣ ਕੇ ਉਭੱਰਿਆ ਹੈ, ਪ੍ਰੰਤੂ ਜਦੋਂ ਇਸ ਦੀ ਹੱਦ ਤੋਂ ਵੱਧ ਵਰਤੋ ਕੀਤੀ ਜਾਵੇ, ਬੱਚਿਆਂ ਦਾ ਬਚਪਨ ਇਸ ਵਿੱਚ ਕੈਦ ਹੋ ਜਾਵੇ ਅਤੇ ਅੱਲ੍ਹੜਾਂ ਤੋਂ ਜੀਵਨ ਦਾ ਉਦੇਸ਼ ਖੋਹ ਲਵੇ ਤਾਂ ਇਹ ਆਧੁਨਿਕ ਸਮਾਜ ਲਈ ਖ਼ਤਰੇ ਦੀ ਘੰਟੀ ਹੈ। ਅੱਜ ਦੇ ਸਮੇਂ ਦੀ ਲੋੜ ਹੈ ਕਿ ਮੋਬਾਈਲ ਅਤੇ ਬੱਚੇ ਵਿਚਕਾਰ ਸੰਤੁਲਨ ਬਣਾਇਆ ਜਾਵੇ।

ਅੰਤ, ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਅੱਜ ਦੀ ਲੜਾਈ ਮੋਬਾਈਲ ਸਕਰੀਨ ਨਾਲ ਨਹੀਂ, ਸਗੋਂ ਉਸ ਦੀ ਗ਼ਲਤ ਵਰਤੋਂ ਨਾਲ ਹੈ। ਜੇਕਰ ਮਾਪੇ, ਅਧਿਆਪਕ, ਸਰਕਾਰ ਅਤੇ ਸਮਾਜ ਮਿਲ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ ਤਾਂ ਬਚਪਨ ਨੂੰ ਮੁੜ ਹੱਸਣ-ਖੇਡਣ ਦਾ ਮੌਕਾ ਮਿਲ ਸਕਦਾ ਹੈ ਕਿਉਂਕਿ ਜੇਕਰ ਬਚਪਨ ਸੁਰੱਖਿਅਤ ਨਹੀਂ ਤਾਂ ਭਵਿੱਖ ਵੀ ਸੁਰੱਖਿਅਤ ਨਹੀਂ।

ਸੰਪਰਕ 99884-01976

## ਮਿੰਨੀ ਕਹਾਣੀ 'ਹੋਂਦ '



ਦਰੱਖ਼ਤ ਤੇ ਵਾਤਾਵਰਣ 'ਤੇ ਲਿਖ਼ਣ ਲਈ ਕਲਮ (ਪੈਨਸਿਲ ) ਫੜ ਕੁਰਸੀ ਚੁੱਕ, ਕਾਗ਼ਜ਼ ਫੱਟਾ ਕੱਛ ਵਿੱਚ ਲੈ ਕੇ ਦਰੱਖਤ ਥੱਲੇ ਬੈਠਾ ਹੀ ਸੀ। ਓਪਰੋਂ ਨੀਲੇ ਅੰਬਰਾਂ ਨੇ ਮੀਂਹ ਵਰ੍ਹਾ ਦਿੱਤਾ ਕਿ, ਇਹ ਸਾਰੇ ਮੇਰੀ ਹੀ ਮੇਹਰਬਾਨੀ ਕਰਕੇ ਪੈਦਾ ਹੋਏ ਹਨ।

ਇੱਕ ਵੀ ਅੱਖਰ ਕਾਗਜ਼ 'ਤੇ ਕਲਮ ਨਾਲ ਝਰੀਟਿਆ ਨਹੀਂ ਗਿਆ।

ਜਦੋਂ ਤੱਕ ਅਸੀਂ ਕੁਦਰਤੀ ਬਨਸਪਤੀ ਨਾਲ ਛੇੜਛਾੜ ਤੇ ਖਿਲਵਾੜ ਕਰਨ ਤੋਂ ਬਾਜ਼ ਨਹੀਂ ਆਉਂਦੇ। ਲੱਖ ਜ਼ੋਰ ਲਾ ਲਵੇ ਕੁਦਰਤੀ ਦੀ ਹੋਂਦ ਨੂੰ ਮਿਟਾ ਨਹੀਂ ਸਕਦੇ। ਇਹ ਸਚਾਈ ਅਟੱਲ ਹੈ ਜੀ।

ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
8146593089




## (ਕਲਮ ਦੀ ਤਾਕਤ) ਉਸਦੀ ਤਰਸਯੋਗ ਹਾਲਤ ਦੇਖ ਕੇ, ਉਨ੍ਹਾਂ ਆਪਣੇ ਜੁੱਤੇ ਅੱਗੇ ਵਧਾ ਦਿੱਤੇ ਅਤੇ ਕਿਹਾ, "ਕਰ ਦੇ, ਪਰ ਚੰਗੀ ਤਰ੍ਹਾਂ ਚਮਕਾ ਦੇਵੀਂ।"

### ਇੱਕ ਸੱਜਣ ਰੇਲਵੇ ਸਟੇਸ਼ਨ 'ਤੇ ਗੱਡੀ ਦੀ ਉਡੀਕ ਕਰ ਰਹੇ ਸਨ ਕਿ ਉਦੋਂ ਹੀ ਜੁੱਤੀਆਂ ਪਾਲਿਸ਼ ਕਰਨ ਵਾਲਾ ਇੱਕ ਮੁੰਡਾ ਆਇਆ ਅਤੇ ਕਹਿਣ ਲੱਗਾ, "ਸਾਹਿਬ, ਬੂਟ ਪਾਲਿਸ਼ ਕਰ ਦੇਵਾਂ?"

ਇੱਕ ਸੱਜਣ ਰੇਲਵੇ ਸਟੇਸ਼ਨ 'ਤੇ ਗੱਡੀ ਦੀ ਉਡੀਕ ਕਰ ਰਹੇ ਸਨ ਕਿ ਉਦੋਂ ਹੀ ਜੁੱਤੀਆਂ ਪਾਲਿਸ਼ ਕਰਨ ਵਾਲਾ ਇੱਕ ਮੁੰਡਾ ਆਇਆ ਅਤੇ ਕਹਿਣ ਲੱਗਾ, "ਸਾਹਿਬ, ਬੂਟ ਪਾਲਿਸ਼ ਕਰ ਦੇਵਾਂ?"

ਉਸਦੀ ਤਰਸਯੋਗ ਹਾਲਤ ਦੇਖ ਕੇ, ਉਨ੍ਹਾਂ ਆਪਣੇ ਜੁੱਤੇ ਅੱਗੇ ਵਧਾ ਦਿੱਤੇ ਅਤੇ ਕਿਹਾ, "ਕਰ ਦੇ, ਪਰ ਚੰਗੀ ਤਰ੍ਹਾਂ ਚਮਕਾ ਦੇਵੀਂ।"

ਮੁੰਡੇ ਨੇ ਕੰਮ ਤਾਂ ਸ਼ੁਰੂ ਕੀਤਾ ਪਰ ਉਸ ਵਿੱਚ ਬਾਕੀ ਪਾਲਿਸ਼ ਕਰਨ ਵਾਲਿਆਂ ਵਾਂਗ ਫੁਰਤੀ ਨਹੀਂ ਸੀ।

ਉਨ੍ਹਾਂ ਕਿਹਾ, "ਤੂੰ ਕਿੰਨਾ ਹੌਲੀ-ਹੌਲੀ ਹੱਥ ਚਲਾ ਰਿਹਾ ਹੈਂ? ਤੇਜ਼ੀ ਨਾਲ ਹੱਥ ਚਲਾ ਮੇਰੀ ਗੱਡੀ ਆਉਣ ਵਾਲੀ ਹੈ!"

ਉਹ ਮੁੰਡਾ ਚੁੱਪ ਰਿਹਾ ਤੇ ਸਿਰ ਚੁਕਾ ਕੇ ਜੁੱਤੀ ਪਾਲਿਸ਼ ਕਰਦਾ ਰਿਹਾ।

ਇੰਨੇ 'ਚ, ਇੱਕ ਹੋਰ ਮੁੰਡਾ ਆਇਆ। ਉਸਨੇ ਤੁਰੰਤ ਉਸ ਮੁੰਡੇ ਨੂੰ ਪਾਸੇ ਕਰ ਦਿੱਤਾ ਅਤੇ ਆਪ ਫਟਾਫਟ ਕੰਮ 'ਚ ਲੱਗ ਗਿਆ। ਪਹਿਲਾ ਮੁੰਡਾ ਮੂਕ ਇੱਕ ਪਾਸੇ ਖੜ੍ਹਾ ਹੋ ਗਿਆ। ਦੂਜੇ ਨੇ ਜੁੱਤੇ ਚਮਕਾ ਦਿੱਤੇ।

'ਪੈਸੇ ਕਿਸਨੂੰ ਦੇਵਾਂ?' ਇਸ 'ਤੇ ਵਿਚਾਰ ਕਰਦੇ ਹੋਏ ਉਨ੍ਹਾਂ ਆਪਣੀ ਜੇਬ ਵਿੱਚ ਹੱਥ ਪਾਇਆ। ਉਨ੍ਹਾਂ ਨੂੰ ਲੱਗਾ ਕਿ ਹੁਣ ਇਨ੍ਹਾਂ ਦੋਵਾਂ ਵਿੱਚ ਪੈਸਿਆਂ ਨੂੰ ਲੈ ਕੇ ਝਗੜਾ ਜਾਂ ਲੜਾਈ ਹੋਵੇਗੀ। ਫਿਰ ਉਨ੍ਹਾਂ ਸੋਚਿਆ ਕਿ ਜਿਸਨੇ ਕੰਮ ਕੀਤਾ ਹੈ ਉਸਨੂੰ ਹੀ ਪੈਸੇ ਮਿਲਣੇ ਚਾਹੀਦੇ ਹਨ। ਇਸ ਲਈ ਉਨ੍ਹਾਂ ਨੇ ਪੈਸੇ ਬਾਅਦ ਵਿੱਚ ਆਉਣ ਵਾਲੇ ਮੁੰਡੇ ਨੂੰ ਦੇ ਦਿੱਤੇ।

ਉਸਨੇ ਪੈਸੇ ਲਏ ਅਤੇ ਪਹਿਲੇ ਮੁੰਡੇ ਦੀ ਹਥੇਲੀ ਉੱਤੇ ਰੱਖ ਦਿੱਤੇ। ਪਿਆਰ ਨਾਲ ਉਸਦੀ ਪਿੱਠ ਥਪਥਪਾਈ ਅਤੇ ਚਲਾ ਗਿਆ।

ਉਹ ਆਦਮੀ ਹੈਰਾਨ ਅੱਖਾਂ ਨਾਲ ਦੇਖਦਾ ਰਹਿ ਗਿਆ। ਉਸਨੇ ਤੁਰੰਤ ਉਸ ਮੁੰਡੇ ਨੂੰ ਵਾਪਸ ਬੁਲਾਇਆ ਅਤੇ ਪੁੱਛਿਆ, "ਇਹ ਕੀ ਚੱਕਰ ਹੈ?"

ਉਹ ਮੁੰਡਾ ਬੋਲਿਆ, "ਸਾਹਿਬ! ਤਿੰਨ ਮਹੀਨੇ ਪਹਿਲਾਂ ਇਹ ਚੱਲਦੀ ਰੇਲਗੱਡੀ 'ਚੋਂ ਡਿੱਗ ਪਿਆ ਸੀ। ਹੱਥਾ-ਪੈਰਾਂ 'ਤੇ ਬਹੁਤ ਸੱਟਾ ਲੱਗੀਆਂ ਸਨ। ਰੱਬ ਦੀ ਕਿਰਪਾ ਨਾਲ ਵਿਚਾਰਾ ਬਚ ਗਿਆ; ਨਹੀਂ ਤਾਂ, ਪਤਾ ਨਹੀਂ ਇਸਦੀ ਵਿਧਵਾ ਮਾਂ ਅਤੇ ਭੈਣਾਂ ਦਾ ਕੀ ਹੁੰਦਾ? ਇਹ ਬਹੁਤ ਸਵੈ-ਮਾਣ ਵਾਲਾ ਹੈ... ਭੀਖ ਨਹੀਂ ਮੰਗ ਸਕਦਾ...!"

ਫਿਰ, ਥੋੜ੍ਹਾ ਰੁਕ ਕੇ ਉਹ ਬੋਲਿਆ, "ਸਾਹਿਬ! ਸਾਡਾ ਇੱਥੇ ਜੁੱਤੀਆਂ ਪਾਲਿਸ਼ ਕਰਨ ਵਾਲਿਆਂ ਦਾ ਇੱਕ ਸਮੂਹ ਹੈ, ਅਤੇ ਜਿਸਦੇ ਪ੍ਰਧਾਨ ਦੇਵਤਾ ਵਰਗੇ ਸਾਡੇ ਇੱਕ ਚਾਚਾ ਜੀ ਹਨ, ਜਿਨ੍ਹਾਂ ਨੂੰ ਅਸੀਂ ਸਾਰੇ ਪਿਆਰ ਨਾਲ 'ਸਤਸੰਗੀ ਚਾਚਾ ਜੀ' ਕਹਿੰਦੇ ਹਾਂ। ਉਹ ਸਤਸੰਗ ਵਿੱਚ ਜਾਂਦੇ ਹਨ ਅਤੇ ਸਾਡੇ ਨਾਲ ਵੀ ਸਤਸੰਗ ਦੀਆਂ ਗੱਲਾਂ ਸਾਂਝੀਆਂ ਕਰਦੇ ਰਹਿੰਦੇ ਹਨ। ਉਨ੍ਹਾਂ ਨੇ ਹੀ ਇਹ ਸੁਝਾਅ ਦਿੱਤਾ ਹੈ ਕਿ ਦੋਸਤੋ! ਜੇਕਰ ਇਹ ਪਹਿਲਾਂ ਵਾਂਗ ਫੁਰਤੀ ਨਾਲ ਕੰਮ ਨਹੀਂ ਕਰ




ਪਾ ਰਿਹਾ ਤਾਂ ਕੀ ਹੋਇਆ? ਪਰਮਾਤਮਾ ਨੇ ਸਾਨੂੰ ਸਾਰਿਆਂ ਨੂੰ ਆਪਣੇ ਸਾਥੀ ਪ੍ਰਤੀ ਸਰਗਰਮ ਦਿਲਚਸਪੀ, ਤਿਆਗ ਦੀ ਭਾਵਨਾ, ਪਿਆਰ, ਹਮਦਰਦੀ ਅਤੇ ਏਕਤਾ ਦਾ ਪ੍ਰਗਟਾਵਾ ਕਰਨ ਦਾ ਇੱਕ ਮੌਕਾ ਦਿੱਤਾ ਹੈ। ਜਿਵੇਂ ਪਿੱਠ, ਪੇਟ, ਚਿਹਰਾ, ਹੱਥ, ਪੈਰ, ਵੱਖੋ-ਵੱਖਰੇ ਦਿਖਾਈ ਦੇਣ ਦੇ ਬਾਵਜੂਦ, ਇੱਕੋ ਸਰੀਰ ਦੇ ਅੰਗ ਹਨ, ਉਸੇ ਤਰ੍ਹਾਂ, ਸਰੀਰਕ ਤੌਰ 'ਤੇ ਵੱਖੋ-ਵੱਖਰੇ ਦਿਖਾਈ ਦੇਣ ਦੇ ਬਾਵਜੂਦ, ਅਸੀਂ ਸਾਰੇ ਇੱਕ ਹੀ ਆਤਮਾ ਹਾਂ! ਅਸੀਂ ਸਾਰੇ ਇੱਕ ਹਾਂ।

ਅਸੀਂ ਸਟੇਸ਼ਨ 'ਤੇ ਕੰਮ ਕਰਨ ਵਾਲੇ ਸਾਰੇ ਦੋਸਤਾਂ ਨੇ ਮਿਲ ਕੇ ਇਹ ਫੈਸਲਾ ਕੀਤਾ ਕਿ ਅਸੀਂ ਹਰ ਰੋਜ਼ ਆਪਣੇ ਇੱਕ ਜੋੜੇ ਜੁੱਤੀਆਂ ਪਾਲਿਸ਼ ਕਰਨ ਦੀ ਕਮਾਈ ਇਸਨੂੰ ਦਿਆ ਕਰਾਂਗੇ ਅਤੇ ਲੋੜ ਪੈਣ 'ਤੇ ਉਸਦੇ ਕੰਮ ਵਿੱਚ ਵੀ ਮਦਦ ਕਰਾਂਗੇ।"

ਜੁੱਤੀਆਂ ਪਾਲਿਸ਼ ਕਰਨ ਵਾਲਿਆਂ ਦੇ ਸਮੂਹ ਵਿੱਚ ਆਪਸੀ ਪਿਆਰ, ਸਹਿਯੋਗ, ਏਕਤਾ ਅਤੇ ਮਨੁੱਖਤਾ ਦਾ ਅਜਿਹਾ ਉੱਚਾ ਪੱਧਰ ਦੇਖ ਕੇ, ਉਹ ਸੱਜਣ ਹੈਰਾਨ ਰਹਿ ਗਏ ਅਤੇ ਖੁਸ਼ੀ ਨਾਲ ਉਸਦੀ ਪਿੱਠ ਥਪਥਪਾਈ... ਅਤੇ ਸੋਚਣ ਲੱਗੇ ਕਿ ਸ਼ਾਇਦ ਮਨੁੱਖਤਾ ਅਜੇ ਵੀ ਜ਼ਿੰਦਾ ਹੈ..... !!

— ਇੱਕ ਹਿੰਦੀ ਪੋਸਟ ਦਾ ਅਨੁਵਾਦ: #ਮੀਤ_ਅਨਮੋਲ

# ਭ੍ਰਿਸ਼ਟਾਚਾਰ, ਨਸ਼ੇ, ਗੈਂਗਸਟਰਵਾਦ ਦੇ ਕਾਰਨਾਂ ਦੀ ਖੋਜ ਕਰਕੇ ਮਾਨ ਸਰਕਾਰ ਜੜ੍ਹ ਪੁੱਟਣ ਲਈ ਗੰਭੀਰ -ਧਾਲੀਵਾਲ



ਗੁਰਪ੍ਰੀਤ ਸਿੰਘ ਕੱਦ ਗਿੱਲ, ਤਰਨਤਾਰਨ 4 ਅਪ੍ਰੈਲ |

ਆਮ ਆਦਮੀ ਪਾਰਟੀ ਦੇ ਸੂਬਾ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਸਾਲ 2022 ਦੇ ਦੂਜੇ ਪੰਦਰਵਾੜੇ ਤੱਕ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੀਆਂ ਰਵਾਇਤੀ ਪਾਰਟੀਆਂ ਦੀਆਂ ਸਾਬਕਾ ਸਰਕਾਰਾਂ 'ਤੇ ਤਿੱਖੇ ਰਾਜਸੀ ਹਮਲੇ ਕੀਤੇ ਅਤੇ ਕਿਹਾ ਕਿ ਇਨ੍ਹਾਂ ਸਾਬਕਾ ਸਰਕਾਰਾਂ ਵੱਲੋਂ ਭਰਿਸ਼ਟਾਚਾਰ, ਗੈਂਗਸਟਰਵਾਦ, ਨਸ਼ੇ ਤੇ ਬੇਰੁਜ਼ਗਾਰੀ ਆਦਿ ਵੱਡੀਆਂ ਸਮਾਜਿਕ ਬੁਰਾਈਆਂ ਨੂੰ ਆਪਣੀਆਂ ਕਥਿਤ ਕੁਸ਼ਾਸਨ, ਭ੍ਰਿਸ਼ਟਚਾਰ ਦੀਆਂ ਨੀਤੀਆਂ ਲਾਗੂ ਕਰਕੇ ਪੰਜਾਬ ਵਾਸੀਆਂ ਨੂੰ ਦੁੱਖਾਂ ਦੀ ਦਲ ਦਲ ਘੁੰਮਣਘੇਰੀ ਚ ਉਲਝਾ ਕੇ ਕਥਿਤ ਨਸਲਕੁਸ਼ੀ ਦੇ ਕੁਰਾਹੇ ਪਾਇਆ ਗਿਆ ਅਤੇ ਇਸ ਸੰਤਾਪ ਦੀਆਂ ਮਜ਼ਬੂਤ ਜ਼ੰਜੀਰਾਂ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਆਪਣੇ ਮੁਢਲੇ ਚਾਰ ਸਾਲ ਦੇ ਕਾਰਜਕਾਲ ਚ ਲੱਕ ਤੋੜ ਕੇ ਰੱਖ ਦਿੱਤਾ ਅਤੇ ਇਹਨਾਂ ਵੱਡੀਆਂ ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਖਤਮ ਕਰਨ ਲਈ ਮਾਨ ਸਰਕਾਰ ਆਪਣੇ ਬਾਕੀ ਰਹਿੰਦੇ ਇਸ ਕਾਰਜਕਾਲ ਚ ਸਾਰੀ ਸ਼ਕਤੀ ਝੋਂਕਦਿਆਂ ਸਾਬਕਾ ਸਰਕਾਰਾਂ ਵਲੋਂ ਅਜ਼ਾਦੀ ਪਿੱਛੋਂ ਪੈਦਾ ਕੀਤੇ ਗਏ ਕਾਰਣਾਂ ਦਾ ਡੂੰਘਾ ਅਧਿਐਨ ਕਰ ਰਹੀ ਹੈ।

ਸ.ਧਾਲੀਵਾਲ ਅੱਜ "ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ" ਤਹਿਤ ਅਜਨਾਲਾ ਹਲਕੇ ਦੇ ਪਿੰਡ ਪੰਜ ਗਰਾਈਆਂ ਵਾਹਲਾ, ਕੋਟ ਗੁਰਬਖਸ਼, ਪੈੜੇਵਾਲ, ਕੋਟਲੀ ਜ਼ਮੀਤ ਸਿੰਘ, ਥੋਬਾ ਤੇ ਚਾੜ੍ਹਪੁਰ ਆਦਿ ਪਿੰਡਾਂ ਚ ਵੱਖ ਵੱਖ ਪੇਂਡੂ ਲੋਕਾਂ ਨਾਲ ਕਰਵਾਏ ਸਿੱਧੇ ਸੰਵਾਦ ਸਮਾਗਮਾਂ ਨੂੰ ਸੰਬੋਧਨ ਕਰ ਰਹੇ ਸਨ। ਸ.ਧਾਲੀਵਾਲ ਨੇ ਸਾਬਕਾ ਸਰਕਾਰਾਂ ਤੇ ਸ਼ਬਦੀ ਰਾਜਸੀ ਹਮਲੇ ਜਾਰੀ ਰੱਖਦਿਆਂ ਅੱਗੇ ਐਲਾਨ ਕੀਤਾ ਕਿ ਖੋਜ ਅਧਿਐਨ ਚ ਸਾਬਕਾ ਸਰਕਾਰਾਂ ਦੇ ਪੈਦਾ ਕੀਤੇ ਉਭਰਨ ਵਾਲੇ ਕਾਰਣਾਂ ਦੀ ਜੜ੍ਹ ਪੁੱਟ ਕੇ ਅਗਲੇ ਸਾਲ 2027 ਦੀਆਂ ਪੰਜਾਬ ਚੋਣਾਂ ਚ ਵੋਟਰਾਂ ਦੇ ਫ਼ਤਵੇ ਨਾਲ ਆਪਣੀ ਦੂਸਰੀ ਪਾਰੀ ਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਮਾਨ ਸਰਕਾਰ,ਸੰਪੂਰਨ ਕ੍ਰਾਂਤੀ ਦਾ ਸ਼ਾਸਨ ਮੁੱਹਈਆ ਕਰੇਗੀ । ਸ. ਧਾਲੀਵਾਲ ਨੇ ਸਮਾਜਿਕ ਬੁਰਾਈਆਂ ਦੀ ਜੜ੍ਹ ਪੁੱਟਣ ਲਈ ਪੰਜਾਬ ਵਾਸੀਆਂ ਕੋਲੋਂ ਹੋਰ ਮਜ਼ਬੂਤ ਸਮਰਥਨ ਮੰਗਦਿਆਂ ਕਿਹਾ ਕਿ ਨਸ਼ਿਆਂ ਵਿਰੁੱਧ ਮਾਰਚ 2025 ਤੋਂ ਸ਼ੁਰੂ ਕੀਤੀ ਗਈ ਨਸ਼ਾ ਤਸਕਰਾਂ ਵਿਰੁੱਧ ਸਿੱਧੀ ਜੰਗ ਦੌਰਾਨ ਇੱਕ ਸਾਲ ਚ ਨਸ਼ਾ ਤਸਕਰਾਂ ਦੀ 760 ਕਰੋੜ ਰੁਪਏ ਦੀ ਜਾਇਦਾਦ,15 ਕਰੋੜ ਡਰੱਗ ਮਨੀ ਜ਼ਬਤ ਕਰਕੇ, ਡਰੱਗ ਮਨੀ ਨਾਲ ਬਣੀਆਂ ਵਸੇਬਾ ਜਾਇਦਾਦਾਂ ਤੇ ਬੁਲਡੋਜ਼ਰ ਚਲਾ ਕੇ ਨਸ਼ਟ ਕਰਨ,92 ਹਜ਼ਾਰ ਤੋਂ ਵੱਧ ਨਸ਼ਾ ਤਸਕਰਾਂ ਦੀਆਂ ਰੰਗੇ ਹੱਥੀਂ ਗ੍ਰਿਫਤਾਰੀਆਂ ਕਰਕੇ ਪੰਜਾਬ ਸਣੇ ਦੇਸ਼ ਵਾਸੀਆਂ ਨੂੰ ਨਸ਼ੇੜੀ ਬਣਾਉਣ ਜਾ ਰਹੀ ਅਰਬਾਂ ਰੁਪਏ ਮੁੱਲ ਦੀ 5480 ਕਿਲੋਗ੍ਰਾਮ ਹੈਰੋਇਨ ਬ੍ਰਾਮਦ ਅਤੇ ਤਸਕਰਾਂ ਦੀ ਡਰੱਗ ਮਨੀ ਨੂੰ ਇਧਰੋਂ - ਉਧਰ ਕਰਨ ਵਾਲੇ 64 ਹਵਾਲਾ ਕਾਰੋਬਾਰੀਆਂ ਨੂੰ ਗ੍ਰਿਫਤਾਰ ਕਰਕੇ ਲੋਕਾਂ ਦੇ ਸਹਿਯੋਗ ਨਾਲ ਕੌਮੀ ਪੱਧਰ ਤੇ ਇਤਿਹਾਸਕ ਮੀਲ ਪੱਥਰ ਕਾਇਮ ਕੀਤਾ। ਭ੍ਰਿਸ਼ਟਾਚਾਰ ਵਿਰੁੱਧ ਲੋਹੇ ਦੇ ਹੱਥਾਂ ਦੀ ਗਤੀਸ਼ੀਲਤਾ ਚ ਭਰਿਸ਼ਟਾਚਾਰ ਵਿਰੁੱਧ ਜ਼ੀਰੋ ਟੋਲਰੇਂਸ ਨੀਤੀ ਤਹਿਤ ਵਿਜੀਲੈਂਸ ਨੂੰ ਸਿਆਸਤ ਤੋਂ ਅਜ਼ਾਦ ਕਰਕੇ ਮਾਲ ਵਿਭਾਗ, ਤਹਿਸੀਲ ਦਫ਼ਤਰਾਂ, ਪੁਲਿਸ ਤੇ ਹੋਰ ਵਿਭਾਗਾਂ ਦੇ ਕਥਿਤ ਨਕਾਰਾ ਤੇ ਭ੍ਰਿਸ਼ਟ ਅਧਿਕਾਰੀਆਂ ਦੀ ਗ੍ਰਿਫਤਾਰੀ ਕਰਕੇ ਪਾਰਦਰਸ਼ੀ ਪ੍ਰਸ਼ਾਸ਼ਨ ਯਕੀਨੀ ਬਣਾਇਆ ਗਿਆ,65 ਹਜ਼ਾਰ ਤੋਂ ਵਧ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਪੱਕੀਆਂ ਸਰਕਾਰੀ ਨੌਕਰੀਆਂ ਤੇ ਭਰਤੀ ਕੀਤਾ ਗਿਆ ਅਤੇ ਅਮਨ ਕਾਨੂੰਨ ਦੀ ਮਜ਼ਬੂਤ ਬਹਾਲੀ ਲਈ 15 ਹਜ਼ਾਰ ਦੇ ਕਰੀਬ ਗੈਂਗਸਟਰ ਕਾਬੂ ਕਰਕੇ ਪੰਜਾਬ ਨੂੰ ਕੌਮੀ ਪੱਧਰ 'ਤੇ ਅੱਧੀ ਅਤੇ ਗੁਆਂਢੀ ਸੂਬੇ ਹਰਿਆਣਾ ਤੋਂ ਤਿੰਨ ਤਿਹਾਈ ਹੇਠਾਂ ਅਪਰਾਧ ਦਰ ਤੇ ਪਹੁੰਚਾ ਕੇ ਪੰਜਾਬ ਵਾਸੀਆਂ ਨੂੰ ਰਾਹਤ ਪਹੁੰਚਾਉਣ ਲਈ ਸਫਲ ਕਦਮ ਵਧਾਏ ਹਨ।

# ਸ਼ਿਪਸ ਗਰੁੱਪ ਆਫ ਇੰਸਟੀਟਿਊਟ ਰਾਣੀ ਵਲਾਹ ਦਾ ਸਥਾਪਨਾ ਦਿਵਸ ਮਨਾਇਆ,



## ਨਵੇਂ ਸੈਸ਼ਨ ਦੀ ਸ਼ੁਰੂਆਤ ਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਬਾਣੀ ਦੇ ਓਟ ਆਸਰੇ ਨਾਲ ਕੀਤੀ ਗਈ। |

ਚੋਹਲਾ ਸਾਹਿਬ 4 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਰਾਣੀ ਵਲਾਹ: "ਗੁਰਬਾਣੀ ਇਸੁ ਜਗ ਮਹਿ ਚਾਨਣੁ" ਦੇ ਪਵਿੱਤਰ ਉਚਾਰਣਾਂ ਨਾਲ ਗੂੰਜਦਾ ਸ਼ਿਪਸ ਗਰੁੱਪ ਆਫ ਇੰਸਟੀਟਿਊਟ ਰਾਣੀ ਵਲਾਹ ਉਸ ਵੇਲੇ ਆਤਮਿਕ ਰੌਸ਼ਨੀ ਨਾਲ ਰੰਗਿਆ ਨਜ਼ਰ ਆਇਆ, ਜਦੋਂ ਸਥਾਪਨਾ ਦਿਵਸ ਅਤੇ ਨਵੇਂ ਸੈਸ਼ਨ ਦੀ ਸ਼ੁਰੂਆਤ ਗੁਰੂ ਸਾਹਿਬਾਨ ਦੀ ਬਖ਼ਸ਼ਿਸ਼ ਬਾਣੀ ਦੇ ਓਟ ਆਸਰੇ ਨਾਲ ਕੀਤੀ ਗਈ।ਸਮਾਗਮ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਅੰਮ੍ਰਿਤਮਈ ਪਾਠ ਨਾਲ ਹੋਈ। ਵਿਦਿਆਰਥੀਆਂ ਵੱਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਵਾਗਤ ਬੇਮਿਸਾਲ ਸ਼ਰਧਾ, ਨਿਮਰਤਾ ਅਤੇ ਸਿੱਖੀ ਸੰਸਕਾਰਾਂ ਦੀ ਮਿਸਾਲ ਬਣਿਆ। "ਸਭਨਾ ਜੀਆ ਕਾ ਇਕੁ ਦਾਤਾ" ਦੇ ਸੰਦਰਭ ਨੂੰ ਜੀਵੰਤ ਕਰਦਿਆਂ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਰੂਹਾਨੀ ਆਨੰਦ ਨਾਲ ਜੋੜਿਆ।ਇਸ ਪਵਿੱਤਰ ਸਮਾਗਮ ਵਿੱਚ ਬਾਬਾ ਜਗਤਾਰ ਸਿੰਘ ਜੀ (ਗੁਰਦੁਆਰਾ ਬਾਬੇ ਸ਼ਹੀਦ) , ਇਲਾਕੇ ਦੀਆਂ ਮੋਹਤਬਰ ਸ਼ਖ਼ਸੀਅਤਾਂ ਅਤੇ ਬੱਚਿਆਂ ਦੇ ਮਾਪਿਆਂ ਨੇ ਹਾਜਰੀ ਭਰੀ।ਗੁਰੂ ਸਾਹਿਬ ਦੀ ਚਲਾਈ ਮਹਾਨ ਲੰਗਰ ਪ੍ਰਥਾ ਨੂੰ ਨਿਭਾਉਂਦਿਆਂ ਗੁਰੂ ਕਾ ਲੰਗਰ ਲਗਾਇਆ ਗਿਆ, ਜਿੱਥੇ "ਵੰਡ ਛਕਣਾ ਤੇ ਨਾਮ ਜਪਣਾ" ਦੇ ਅਸੂਲ ਨੂੰ ਅਮਲ ਵਿੱਚ ਲਿਆਂਦਾ ਗਿਆ। ਸਾਰਿਆਂ ਨੇ ਪੰਗਤ ਵਿੱਚ ਬੈਠ ਕੇ ਸਾਂਝ, ਸੇਵਾ ਅਤੇ ਸਮਾਨਤਾ ਦੇ ਮੂਲ ਮੰਤਰ ਨੂੰ ਮਹਿਸੂਸ ਕੀਤਾ।ਇਸ ਮੌਕੇ ਸਕੂਲ ਦੇ ਕਾਰਜਕਾਰੀ ਪ੍ਰਧਾਨ ਸ੍ਰੀਮਤੀ ਸ਼ਸ਼ੀ ਸ਼ਰਮਾ ਦੀ ਰਹਿਨੁਮਾਈ ਹੇਠ ਡਾਇਰੈਕਟਰ ਸ. ਗੁਲਵਿੰਦਰ ਸਿੰਘ ਸੰਧੂ, ਐਜੂਕੇਸ਼ਨ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ, ਮਦਨ ਪਠਾਣੀਆਂ ਅਤੇ ਪ੍ਰਿੰਸੀਪਲ ਸ. ਨਿਰਭੈ ਸਿੰਘ ਸੰਧੂ ਨੇ ਸਤਿਕਾਰਯੋਗ ਸ਼ਖ਼ਸੀਅਤਾਂ ਦਾ ਦਿਲੋਂ ਸਵਾਗਤ ਕਰਦਿਆਂ ਕਿਹਾ ਕਿ ਸਾਡਾ ਮਕਸਦ ਸਿਰਫ਼ ਵਿਦਿਆ ਪ੍ਰਦਾਨ ਕਰਨਾ ਨਹੀਂ, ਸਗੋਂ "ਮਨ ਜੀਤੈ ਜਗੁ ਜੀਤੁ" ਦੇ ਸਿਧਾਂਤ ਅਨੁਸਾਰ ਵਿਦਿਆਰਥੀਆਂ ਦੇ ਮਨ ਨੂੰ ਸੰਸਕਾਰਾਂ ਨਾਲ ਜਿੱਤਣਾ ਹੈ।ਉਨ੍ਹਾਂ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਸੰਸਥਾ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਦੇ ਨਾਲ-ਨਾਲ ਆਪਣੇ ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਲਈ ਵਚਨਬੱਧ ਹੈ। ਨਵੇਂ ਸੈਸ਼ਨ ਪਲੇ ਪੈਨ ਲੰਡਨ ਕਿਡਜ ਸਕੂਲ,ਨਰਸਰੀ ਤੋਂ ਦੂਜੀ ਕਲਾਸ ਤੱਕ ਲੰਡਨ ਕਿਡਜ਼, ਤੀਜੀ ਤੋਂ ਦਸਵੀਂ ਤੱਕ ਸੀ.ਬੀ.ਐਸ.ਈ. ਪੈਟਰਨ, ਅਤੇ ਨੌਵੀਂ ਤੋਂ ਬਾਰਵੀਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਰੈਗੂਲਰ ਅਤੇ ਓਪਨ ਪ੍ਰਣਾਲੀ ਦੇ ਨਾਲ ਐਨ.ਐਸ.ਐਸ ਅਤੇ ਐਨ.ਟੀ.ਟੀ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਸਮਾਗਮ ਦੇ ਅੰਤ 'ਤੇ ਇਹ ਸੰਦੇਸ਼ ਹਰ ਦਿਲ ਵਿੱਚ ਵੱਸ ਗਿਆ ਕਿ ਜਿੱਥੇ ਗੁਰਬਾਣੀ ਦੀ ਰੌਸ਼ਨੀ ਅਤੇ ਸਿੱਖਿਆ ਦਾ ਮਿਲਾਪ ਹੋਵੇ, ਉੱਥੇ ਸਿਰਫ਼ ਕਿਤਾਬਾਂ ਨਹੀਂ, ਸਗੋਂ ਕਿਰਦਾਰ ਬਣਦੇ ਹਨ ਅਤੇ ਭਵਿੱਖ ਸੰਵਰਦਾ ਹੈ।

# ਹਰਵਿੰਦਰ ਸਿੰਘ ਮਿੱਡਾ ਪ੍ਰਧਾਨ ਅਤੇ ਗੁਰਜੰਟ ਸਿੰਘ ਬਣੇ ਜਰਨਲ ਸਕੱਤਰ



ਗੁਰਪ੍ਰੀਤ ਸਿੰਘ ਕੱਦ ਗਿੱਲ, ਤਰਨਤਾਰਨ 4 ਅਪ੍ਰੈਲ |

ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਤਰਨ ਤਾਰਨ ਵੱਲੋਂ ਪਿੰਡ ਵਲੀਪੁਰ ਵਿਖੇ ਮੀਟਿੰਗ ਕਰਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਫੈਸਲੇ ਅਨੁਸਾਰ ਨਵੀਂ ਮੈਂਬਰਸ਼ਿਪ ਕਰਕੇ ਮੁੜ ਤੋਂ ਪਿੰਡ ਇਕਾਈਆਂ ਦਾ ਗਠਨ ਕੀਤਾ ਗਿਆ। ਇਸ ਮੌਕੇ ਪਿੰਡ ਵਲੀਪੁਰ ਵਿੱਚ ਮੈਂਬਰਾਂ ਦਾ ਇਕੱਠ ਕਰਕੇ ਇਕਾਈ ਦਾ ਗਠਨ ਕੀਤਾ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਿਲਾ ਪ੍ਰਧਾਨ ਨਛੱਤਰ ਸਿੰਘ ਪੰਨੂ ,ਖਜਾਨ ਸਿੰਘ ਤੇ ਗੁਰਪ੍ਰਤਾਪ ਸਿੰਘ ਨੇ ਕਿਹਾ ਕਿਰਤੀ ਕਿਸਾਨ ਯੂਨੀਅਨ ,ਪੰਜਾਬ ਦੀਆਂ ਮੰਗਾਂ ਜਿਨਾਂ ਵਿੱਚ ਪੰਜਾਬ ਦੇ ਪਾਣੀਆਂ ਦਾ ਮਸਲਾ, ਪੰਜਾਬ ਦੀ ਖੇਤੀ ਨੀਤੀ ਤਿਆਰ ਕਰਨਾ, ਹਰ ਘਰ ਪੀਣ ਵਾਲਾ ਪਾਣੀ ਅਤੇ ਹਰ ਖੇਤ ਤੱਕ ਨਹਿਰੀ ਪਾਣੀ ਪੁਜਦਾ ਕਰਨਾ ਅਤੇ ਪੰਜਾਬ ਦੇ ਪਾਣੀਆਂ ਦਾ ਰਿਪੇਰੀਅਨ ਸਿਧਾਂਤਾਂ ਅਨੁਸਾਰ ਫੈਸਲਾ ਕਰਨਾ ਅਤੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਬਿੱਲ,2025, ਬੀਜ ਸੋਧ ਬਿੱਲ,ਅਤੇ ਅਮਰੀਕਾ ਭਾਰਤ ਮੁਕਤ ਵਪਾਰ ਸਮਝੌਤੇ ਆਦਿ ਦਾ ਡੱਟਵਾਂ ਵਿਰੋਧ ਕੀਤਾ ਜਾਵੇਗਾ। ਨੇਤਾਵਾਂ ਨੇ ਪੰਜਾਬ ਸਰਕਾਰ ਦੀਆਂ ਕਿਸਾਨ ,ਮਜ਼ਦੂਰ, ਮੁਲਾਜ਼ਮ ਵਿਰੋਧੀ ਨੀਤੀਆਂ ਦੀ ਸਖਤ ਨਿੰਦਾ ਕੀਤੀ ਅਤੇ ਕਿਹਾ ਕਿ ਸਰਕਾਰੀ ਜਾਇਦਾਦਾਂ ਵੇਚਣ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਸਹਿਕਾਰੀ ਖੰਡ ਮਿੱਲ ਸੇਰੋਂ ਦੀ ਮਾਲਕੀ ਬਦਲਣ ਵਿਰੁੱਧ ਚੱਲ ਰਹੇ ਸੰਘਰਸ਼ ਵਿੱਚ ਕਿਰਤੀ ਕਿਸਾਨ ਯੂਨੀਅਨ ਅੱਗੇ ਹੋਕੇ ਸੰਘਰਸ਼ ਵਿੱਚ ਸ਼ਾਮਲ ਹੋਵੇਗੀ। 06 ਅਪਰੈਲ ਦੇ ਖੰਡ ਮਿੱਲ ਸੇਰੋਂ ਸਾਹਮਣੇ ਧਰਨਾ ਲਾਉਣ ਦੇ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨਤਾਰਨ ਦੇ ਫੈਸਲੇ ਨੂੰ ਕਿਰਤੀ ਕਿਸਾਨ ਯੂਨੀਅਨ ਡੱਟਕੇ ਪੂਰਾ ਕਰੇਗੀ। ਮੀਟਿੰਗ ਵਿੱਚ ਸਰਬ ਸੰਮਤੀ ਨਾਲ ਪਿੰਡ ਇਕਾਈ ਦੀ ਕਮੇਟੀ ਦੀ ਚੋਣ ਕੀਤੀ ਗਈ। ਇਸ ਮੌਕੇ ਹਰਵਿੰਦਰ ਸਿੰਘ ਮਿੱਡਾ ਪ੍ਰਧਾਨ ,ਗੁਰਜੰਟ ਸਿੰਘ ਜਨਰਲ ਸਕੱਤਰ ,ਮੀਤ ਪ੍ਰਧਾਨ ਅੰਗਰੇਜ਼ ਸਿੰਘ ,ਸਾਹਬ ਸਿੰਘ, ਖਜਾਨਚੀ ਸ਼ੰਗਾਰਾ ਸਿੰਘ,ਸਹਾਇਕ ਖਜਾਨਚੀ ਬਲਵਿੰਦਰ ਪ੍ਰੈੱਸ ਸਕੱਤਰ ਰਾਜਵਿੰਦਰ ਸਿੰਘ ਚੁਣੇ ਗਏ। ਇਸ ਇਸ ਤੋਂ ਇਲਾਵਾ ਇਕ 11 ਮੈਂਬਰੀ ਕਮੇਟੀ ਚੁਣੀ ਗਈ ਜਿਸ ਵਿੱਚ ਮਨਜਿੰਦਰ ਸਿੰਘ ਲਾਡੀ, ਬਲਵਿੰਦਰ ਸਿੰਘ ,ਜੋਗਾ ਸਿੰਘ ,ਅੰਗਰੇਜ ਸਿੰਘ, ਹੀਰਾ ਸਿੰਘ, ਜਸ਼ਨਦੀਪ ਸਿੰਘ, ਗੁਰਜੰਟ ਸਿੰਘ, ਤਸਵੀਰ ਸਿੰਘ, , ਅਮਰ ਸਿੰਘ, ਅਵਤਾਰ ਸਿੰਘ, ਹੀਰਾ ਸਿੰਘ ਨੰਬਰਦਾਰ ,ਮਨਜਿੰਦਰ ਸਿੰਘ ਨੰਬਰਦਾਰ ਆਦਿ ਮੈਂਬਰ ਚੁਣੇ ਗਏ।

# ਉੱਤਰ ਪ੍ਰਦੇਸ਼ ਦੇ ਖੇਤੀਬਾੜੀ ਮੰਤਰੀ ਸ. ਬਲਦੇਵ ਸਿੰਘ ਔਲਖ ਪਰਿਵਾਰ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ



ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਧਾਮੀ ਨੇ ਸ. ਬਲਦੇਵ ਸਿੰਘ ਔਲਖ ਨੂੰ ਕੀਤਾ ਸਨਮਾਨਿਤ |

ਅੰਮ੍ਰਿਤਸਰ, ਚੋਹਲਾ ਸਾਹਿਬ 4 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਪ੍ਰਦੇਸ਼ ਦੇ ਖੇਤੀਬਾੜੀ ਮੰਤਰੀ ਸ. ਬਲਦੇਵ ਸਿੰਘ ਔਲਖ ਨੇ ਅੱਜ ਪਰਿਵਾਰ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਪ੍ਰਗਟਾਈ। ਨਤਮਸਤਕ ਹੋਣ ਉਪਰੰਤ ਸ. ਬਲਦੇਵ ਸਿੰਘ ਔਲਖ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਪੁੱਜੇ, ਜਿਥੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ. ਬਲਦੇਵ ਸਿੰਘ ਗੁਰੂ ਘਰ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਰੱਖਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਸਜਾਏ ਗਏ ਨਗਰ ਕੀਰਤਨ ਦੇ ਉੱਤਰ ਪ੍ਰਦੇਸ਼ ਰਾਜ ਅੰਦਰ ਪਹੁੰਚਣ 'ਤੇ ਸ. ਬਲਦੇਵ ਸਿੰਘ ਦੀ ਅਗਵਾਈ 'ਚ ਸਰਕਾਰ ਨੇ ਭਰਵਾਂ ਸਵਾਗਤ ਕੀਤਾ ਸੀ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਜਿੰਨੇ ਦਿਨ ਵੀ ਯੂਪੀ ਵਿਚ ਰਿਹਾ, ਸ. ਬਲਦੇਵ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੇ ਗੁਰੂ ਸਾਹਿਬ ਦੇ ਸਤਿਕਾਰ ਵਿਚ ਲਗਾਤਾਰ ਸੇਵਾਵਾਂ ਨਿਭਾਈਆਂ। ਐਡਵੋਕੇਟ ਧਾਮੀ ਨੇ ਸ. ਬਲਦੇਵ ਸਿੰਘ ਵੱਲੋਂ ਨਗਰ ਕੀਰਤਨ ਦੌਰਾਨ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਵੀ ਇਸੇ ਤਰ੍ਹਾਂ ਸਹਿਯੋਗ ਦੀ ਆਸ ਪ੍ਰਗਟਾਈ।

ਇਸੇ ਦੌਰਾਨ ਖੇਤੀਬਾੜੀ ਮੰਤਰੀ ਸ. ਬਲਦੇਵ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਨਮਾਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਨੁੱਖਤਾ ਲਈ ਸਰਬਸਾਂਝਾ ਕੇਂਦਰ ਹੈ। ਇਸ ਪਾਵਨ ਅਸਥਾਨ ਦੇ ਦਰਸ਼ਨ ਦੀਦਾਰ ਕਰਕੇ ਉਹ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰਦੇ ਹਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਹੈੱਡ ਪ੍ਰਚਾਰਕ ਸ. ਸਰਬਜੀਤ ਸਿੰਘ ਢੋਟੀਆਂ ਅਤੇ ਸ. ਬਲਦੇਵ ਸਿੰਘ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ।

